# ਅੰਮ੍ਰਿਤ ਛਕਣ ਤੋਂ ਪਹਿਲਾਂ ਜ਼ਰੂਰ ਪੜ੍ਹਣਾ

## ਅੰਮ੍ਰਿਤ ਛਕਣ ਦੇ ਮੁੱਖ ਉਦੇਸ਼

ਅੰਮ੍ਰਿਤ ਛਕਣ ਦੇ ਲਈ ਸਭ ਤੋਂ ਪਹਿਲਾਂ ਜੀਵਨ ਦਾ ਮਨੋਰਥ ਸਮਝਣਾ ਜ਼ਰੂਰੀ ਹੈ। ਅੰਮ੍ਰਿਤ ਛਕਣ ਅਤੇ ਛਕਾਉਣ ਤੇ ਕਾਫ਼ੀ ਜ਼ੋਰ ਲਾਇਆ ਜਾਂਦਾ ਹੈ ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਅੰਮ੍ਰਿਤ ਛਕਣ ਦੇ ਮੁੱਖ ਉਦੇਸ਼ ਸਮਝਾਉਣ ਵਿੱਚ ਕੁੱਝ ਘਾਟਾਂ ਮਹਿਸੂਸ ਹੁੰਦੀਆਂ ਹਨ। ਅੰਮ੍ਰਿਤ ਛਕ ਕੇ ਗੁਰੂ ਧਾਰਨ ਕਰਨਾ ਜੀਵਨ ਦੇ ਮਨੋਰਥ ਨੂੰ ਸਮਝਣ ਦਾ ਮਾਰਗ ਹੈ ਤਾਂ ਜੋ ਅਸੀਂ ਆਪਣੇ ਮਨ ਦੀ ਸੋਚ ਦੀ ਅਗਿਆਨਤਾ ਵਿੱਚ ਆਪਣਾ ਜੀਵਨ ਬਰਬਾਦ ਕਰਨ ਦੀ ਬਜਾਏ ਆਪਣੇ ਜੀਵਨ ਨੂੰ ਸਫਲ ਅਤੇ ਸੁਖੀ ਬਣਾ ਸਕੀਏ। ਗੁਰਬਾਣੀ ਦਾ ਉਪਦੇਸ਼ ਹੈ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
(ਰਾਗੁ ਆਸਾ ਮ:੫, ਅੰਗ ੩੭੮)
**ਅਰਥ:-** ਹੇ ਜੀਵ! ਤੈਨੂੰ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ। ਪ੍ਰਭੂ ਨੂੰ ਮਿਲਣ ਦੀ ਇਹੋ ਹੀ ਤੇਰੀ ਵਾਰੀ ਹੈ।

**ਸਫਲ ਜਨਮੁ ਮੋ ਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥ ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥ ਨਾਮਦੇਇ ਸਿਮਰਨੁ ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥**
(ਰਾਗੁ ਬਿਲਾਵਲੁ ਸ੍ਰੀ ਨਾਮ ਦੇਵ ਜੀਉ, ਅੰਗ ੮੫੭)
**ਅਰਥ:-** ਮੈਨੂੰ ਮੇਰੇ ਸਤਿਗੁਰੂ ਨੇ ਸਫਲ ਜੀਵਨ ਵਾਲਾ ਬਣਾ ਦਿੱਤਾ ਹੈ। ਮੈਂ ਹੁਣ ਜਗਤ ਦੇ ਸਾਰੇ ਦੁੱਖ ਭੁਲਾ ਕੇ ਆਤਮਕ ਸੁੱਖ ਵਿਚ ਲੀਨ ਹੋ ਗਿਆ ਹਾਂ ।੧। ਮੈਨੂੰ ਸਤਿਗੁਰੂ ਨੇ ਅੱਖਾਂ ਵਿੱਚ ਗੁਰਮਤਿ ਗਿਆਨ ਦਾ ਸੁਰਮਾ ਪਾ ਦਿੱਤਾ ਹੈ, ਕਿ ਹੁਣ ਵਾਹਿਗੁਰੂ ਦੀ ਬੰਦਗੀ ਤੋਂ ਬਿਨਾ ਜੀਉਣਾ ਵਿਅਰਥ ਜਾਪਦਾ ਹੈ ।੧।ਰਹਾਉ। ਨਾਮਦੇਵ ਜੀ ਕਹਿੰਦੇ ਹਨ ਕਿ ਮੈਂ ਸਿਮਰਨ ਕਰਕੇ ਪ੍ਰਭੂ ਨੂੰ ਜਾਣਿਆ (ਪਛਾਣਿਆ) ਹੈ ਅਤੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਨਾਲ ਮੇਰੀ ਜਿੰਦ ਅਭੇਦ ਹੋ ਗਈ ਹੈ ।੨।੧।

## ਅੰਮ੍ਰਿਤ ਛਕਣ ਦਾ ਮਨੋਰਥ

### (੧) ਗੁਰੂ ਦਾ ਰੂਪ ਬਣਨਾ

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
(ਰਾਗੁ ਗਉੜੀ ਮ:੫, ਅੰਗ ੩੦੪)
**ਅਰਥ:-** ਸਤਿਗੁਰੂ ਦੀ ਬਾਣੀ ਸਤਿ ਸਰੂਪ ਹੈ ਅਤੇ ਗੁਰਬਾਣੀ ਦੁਆਰਾ ਹੀ ਸਤਿ ਸਰੂਪ ਬਣੀਦਾ ਹੈ।

### (੨) ਆਪਣੇ ਅੰਦਰ ਜੋਤ ਪ੍ਰਕਾਸ਼ ਕਰਨੀ

**ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥**
(ਰਾਗੁ ਆਸਾ ਮ:੫, ਅੰਗ ੩੭੫)
**ਅਰਥ:-** ਜਿਸ ਮਨੁੱਖ ਨੇ ਆਪਣੇ ਹਿਰਦੇ ਵਿਚ ਗੁਰੂ ਦੇ ਸੋਹਣੇ ਚਰਨ ਟਿਕਾ ਲਏ, ਉਨ੍ਹਾਂ ਦੇ ਅੰਦਰ ਰੱਬੀ

ਜੋਤਿ ਪ੍ਰਕਾਸ਼ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ।

## (੩) ਅੰਦਰਲੇ ਅੰਮ੍ਰਿਤ ਨੂੰ ਪ੍ਰਾਪਤ ਕਰਨਾ

**ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥**

(ਰਾਗੁ ਵਡਹੰਸੁ ਮ:੩, ਅੰਗ ੫੭੦)

**ਅਰਥ:**- ਹੇ ਭਾਈ! ਹਿਰਦੇ ਅੰਦਰ ਅੰਮ੍ਰਿਤ ਜਲ ਨਾਲ ਭਰਿਆ ਹੋਇਆ ਇੱਕ ਛੋਟਾ ਜਿਹਾ ਖੂਹ ਹੈ, ਉਸ ਖੂਹ ਵਿੱਚ ਪਾਣੀ ਭਰਨ ਵਾਲੀ ਸੁਰਤਿ ਗੁਰੂ ਦੇ ਸ਼ਬਦ ਰਾਹੀਂ ਨਾਮ-ਜਲ ਕੱਢ ਕੇ ਪੀਂਦੀ ਹੈ।

## (੪) ਆਪਣੇ ਅੰਦਰ ਅਨਹਦ ਸ਼ਬਦ ਸੁਣਨਾ

**ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥**

(ਰਾਗੁ ਗਉੜੀ ਮ:੧, ਅੰਗ ੨੨੮)

**ਅਰਥ:**- ਜੇਹੜਾ ਮਨੁੱਖ ਗੁਰੂ ਦੀ ਸਿੱਖਿਆ ਲੈ ਕੇ ਵਾਹਿਗੁਰੂ ਦਾ ਨਾਮ ਜਪਦਾ ਹੈ, ਉਹ ਪੂਰਨ ਸੇਵਕ ਬਣ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿਚ ਅਨਹਦ ਸ਼ਬਦ ਦਾ ਵਾਜਾ ਵਜਦਾ ਹੈ।

## (੫) ਅਕਾਲ ਪੁਰਖ ਕੀ ਫੌਜ ਬਣ ਕੇ ਮਨੁੱਖਤਾ ਦੀ ਸੇਵਾ ਕਰਨੀ

**ਮਿਥਿਆ ਤਨ ਨਹੀ ਪਰਉਪਕਾਰਾ ॥**

(ਰਾਗੁ ਗਉੜੀ ਮ:੫, ੨੬੯)

**ਅਰਥ:**- ਉਹ ਸਰੀਰ ਵਿਅਰਥ ਹਨ ਜੋ ਦੂਜਿਆਂ ਨਾਲ ਭਲਾਈ ਨਹੀਂ ਕਰਦੇ।

ਪ੍ਰੋਫੈਸਰ ਅਮਰਜੀਤ ਕੌਰ ਜੀ ਆਪਣੀ ਪੁਸਤਕ 'ਗੁਰਸਿੱਖ ਰਹਿਣੀ' (ਪੰਨਾ ੧੭-੧੮) ਵਿੱਚ ਅੰਮ੍ਰਿਤ ਬਾਰੇ ਲਿਖਦੇ ਹਨ:-

> ਸੋ ਅੰਮ੍ਰਿਤ ਕੀ ਹੈ, ਅੰਮ੍ਰਿਤ ਕੇਵਲ ਹਰਿ ਕਾ ਨਾਮ ਹੈ। ਕੇਵਲ ਸ਼ਬਦ, ਜਿਸ ਨੂੰ ਦੂਸਰੇ ਅੱਖਰਾਂ ਵਿੱਚ ਨਾਮ ਵੀ ਕਿਹਾ ਜਾਂਦਾ ਹੈ। ਦਰ ਅਸਲ '**ਨਾਨਕ ਕੈ ਘਰਿ ਕੇਵਲ ਨਾਮੁ**' (ਰਾਗੁ ਭੈਰਉ ਮ:੫, ਅੰਗ ੧੧੩੬) ਹੀ ਹੈ। ਏਸੇ ਗੁਰਮਤਿ ਨਾਮ ਨੂੰ ਦ੍ਰਿੜਾਵਣ-ਜਪਾਵਣ ਲਈ ਹੀ ਗੁਰੂ ਨਾਨਕ ਸਾਹਿਬ ਜੀ ਦਸ ਰੂਪਾਂ ਵਿੱਚ ਪ੍ਰਗਟ ਹੋ ਕੇ ਕਲਿਜੁਗ ਨੂੰ ਤਾਰਨ ਲਈ ਆਏ ਅਤੇ ਗੁਰਮਤਿ ਰੀਤ ਨੂੰ ਜੁਗਾਂ ਜੁਗਾਂਤਰਾਂ ਤੱਕ ਚਾਲੂ ਰਖਣ ਲਈ ਆਪਣੀ ਗੁਰੂ-ਜੋਤਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਲੂਲ ਕਰ ਦਿੱਤੀ। ...ਹਿਰਦੇ ਵਿੱਚੋਂ ਅੰਮ੍ਰਿਤ ਰਸ ਲੱਭਣ ਲਈ ਗੁਰੂ ਨਾਨਕ, ਦਸਮੇਸ਼ ਜੀ ਦੇ ਪਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਮ੍ਰਿਤ ਨਾਮ (ਗੁਰਮਤਿ ਨਾਮ) ਦੀ ਦਾਤਿ ਜਗਿਆਸੂ ਪ੍ਰਤਿ ਬਖ਼ਸ਼ਦੇ ਹਨ। ਉਸ ਦਾਤਿ ਨੂੰ ਪ੍ਰਾਪਤ ਕਰ ਕੇ, ਹੁਕਮ ਅਨੁਸਾਰ ਨਾਮ ਅਭਿਆਸ ਕਮਾਈਆਂ ਕਰ ਕੇ, ਉਹ ਘਟ ਵਿੱਚ ਵਸ ਰਹੇ ਨਾਮ ਨੂੰ ਗੁਰੂ-ਕਿਰਪਾ ਨਾਲ ਲੱਭਦਾ ਹੈ ਤੇ ਇਸ ਤਰ੍ਹਾਂ ਮਨੁਖਾ ਜਨਮ ਨੂੰ ਧਾਰਨ ਦਾ ਮਨੋਰਥ ਪੂਰਾ ਕਰਦਾ ਹੈ।

# ਅੰਮ੍ਰਿਤ ਕਿਥੇ ਛਕਣਾ ਚਾਹੀਦਾ ਹੈ?

ਅੱਜ ਕੱਲ ਬਹੁਤ ਸਾਰੇ ਅੰਮ੍ਰਿਤ ਸੰਚਾਰ ਹੋ ਰਹੇ ਹਨ ਪਰ ਪ੍ਰਾਪਤੀ (out-put) ਘੱਟ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਕੀ ਹੈ? ਅੰਮ੍ਰਿਤ ਸੰਚਾਰ ਪੂਰੀ ਗੁਰ ਮਰਯਾਦਾ ਦੀ ਪਾਲਣਾ ਕੀਤੇ ਬਿਨਾਂ ਹੋ ਰਹੇ ਹਨ ਅਤੇ ਇਸ ਕਰਕੇ ਬਹੁਤ ਸਾਰੇ ਅੰਮ੍ਰਿਤ ਛਕਣ ਵਾਲੇ ਅੰਮ੍ਰਿਤ ਦੀ ਕਲਾ ਅਤੇ

ਗੁਰੂ ਜੀ ਦੀਆਂ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ।

ਅੰਮ੍ਰਿਤ ਕਿਸੇ ਵਿਅਕਤੀ, ਸੰਸਥਾ ਜਾਂ 'ਜਥੇਬੰਦੀ' ਦਾ ਨਹੀਂ ਹੈ। ਅੰਮ੍ਰਿਤ ਅਕਾਲ ਪੁਰਖ ਦਾ ਹੈ ਅਤੇ ਕੇਵਲ ਗੁਰੂ-ਕਰਤਾਰ ਜੀ ਦੁਆਰਾ ਦਿੱਤਾ ਗਿਆ ਹੈ। ਇਸ ਲਈ ਇਹ "ਮੇਰੇ ਅੰਮ੍ਰਿਤ" ਅਤੇ "ਤੁਹਾਡੇ ਅੰਮ੍ਰਿਤ" ਦਾ ਸਵਾਲ ਨਹੀਂ ਹੈ।

**ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ।**

(ਰਾਗੁ ਮਾਰੂ ਮ:੧, ਅੰਗ ੧੦੩੪)

ਗੁਰੂ ਜੀ ਸਪਸ਼ਟ ਦੱਸਦੇ ਹਨ ਕਿ ਇੱਕ ਹੀ ਅੰਮ੍ਰਿਤ ਹੈ:

**ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥**

(ਰਾਗੁ ਸਾਰੰਗ ਮ:੨, ਅੰਗ ੧੨੩੮)

ਕੋਈ ਵੀ ਵਿਚਾਰ ਅਸੂਲਾਂ ਬਾਰੇ ਹੋਣਾ ਚਾਹੀਦਾ ਹੈ ਨਾ ਕਿ ਸੰਸਥਾਵਾਂ ਜਾਂ ਜਥਿਆਂ ਬਾਰੇ। ਕਿਸੇ ਵੀ ਅੰਮ੍ਰਿਤ ਸੰਚਾਰ ਦਾ ਨਿਰਣਾ ਮਰਯਾਦਾ ਦੁਆਰਾ ਹੋਣਾ ਚਾਹੀਦਾ ਹੈ, ਨਾ ਕਿ ਸੇਵਾ ਕਰਨ ਵਾਲੀ ਸੰਸਥਾ ਜਾਂ ਜਥੇ ਦਾ। ਅੰਮ੍ਰਿਤ ਕੇਵਲ ਇਸ ਲਈ ਅੰਮ੍ਰਿਤ ਨਹੀਂ ਹੈ ਕਿਉਂਕਿ ਕਿਸੇ ਵਿਸ਼ੇਸ਼ ਸੰਸਥਾ ਜਾਂ ਜਥੇ ਨੇ ਅੰਮ੍ਰਿਤ ਸੰਚਾਰ ਦਾ ਆਯੋਜਨ ਕੀਤਾ ਹੈ। ਅੰਮ੍ਰਿਤ ਤਾਂ ਅੰਮ੍ਰਿਤ ਹੈ ਜੇਕਰ ਪੂਰੀ ਗੁਰ-ਮਰਯਾਦਾ ਨਾਲ ਤਿਆਰ ਕੀਤਾ ਜਾਵੇ।

ਜੇਕਰ ਕਿਸੇ ਸੰਸਥਾ, ਜਥੇ ਜਾਂ ਗੁਰਦੁਆਰੇ ਵੱਲੋਂ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ ਅਤੇ ਉਹ ਅੰਮ੍ਰਿਤ ਸੰਚਾਰ ਦੀ ਤਿਆਰੀ ਗੁਰ-ਮਰਿਯਾਦਾ ਅਨੁਸਾਰ ਨਹੀਂ ਕਰਦੇ, ਤਾਂ ਅਜਿਹੇ ਅੰਮ੍ਰਿਤ ਨੂੰ ਅੰਮ੍ਰਿਤ ਨਹੀਂ ਮੰਨਿਆ ਜਾ ਸਕਦਾ।

੧. ਸਤਿਗੁਰੂ ਜੀ ਦਾ ਲੜੀਦਾਰ (ਜੁੜਵੇਂ ਅਖਰ) ਵਾਲਾ ਅਸਲੀ ਸਰੂਪ ਹੀ ਪ੍ਰਕਾਸ਼ ਹੋਣਾ ਚਾਹੀਦਾ ਹੈ।
੨. ਅੰਮ੍ਰਿਤ ਸੰਚਾਰ ਵਿੱਚ ਸੇਵਾ ਕਰਨ ਵਾਲੇ ਗੁਰਸਿੱਖ ਤਿਆਰ-ਬਰ-ਤਿਆਰ, ਰਹਿਤਵਾਨ, ਦਰਸ਼ਨੀ ਅਤੇ ਅਰੋਗ ਹੋਣੇ ਚਾਹੀਦੇ ਹਨ।
੩. ਪਤਾਸੇ ਗੁਰਸਿੱਖਾਂ ਦੁਆਰਾ ਤਿਆਰ ਕੀਤੇ ਜਾਣੇ ਚਾਹੀਦੇ ਹਨ ਨਾ ਕਿ ਦੁਕਾਨਾਂ ਤੋਂ ਖਰੀਦੇ ਜਾਣ ਜਿੱਥੇ ਬੀੜੀ ਪੀਣ ਵਾਲਿਆਂ ਦੁਆਰਾ ਪਤਾਸੇ ਬਣਾਏ ਜਾਂਦੇ ਹਨ।
੪. ਅੰਮ੍ਰਿਤ ਤਿਆਰ ਕਰਨ ਲਈ ਸਰਬਲੋਹ ਦਾ ਖੰਡਾ ਅਤੇ ਬਾਟਾ ਹੋਣਾ ਚਾਹੀਦਾ ਹੈ, ਨਾ ਕਿ ਸਟੀਲ ਦਾ।
੫. ਕੜਾਹ ਪ੍ਰਸ਼ਾਦ ਦੀ ਦੇਗ ਸਰਬਲੋਹ ਵਿੱਚ ਤਿਆਰ ਹੋਣੀ ਚਾਹੀਦੀ ਹੈ ਅਤੇ ਸਰਬਲੋਹ ਦੇ ਬਾਟੇ ਵਿੱਚ ਹੀ ਵਰਤਾਈ ਜਾਣੀ ਚਾਹੀਦੀ ਹੈ।

੬. ਬੀਬੀਆਂ ਅਤੇ ਪੁਰਸ਼ਾਂ ਦੋਨਾਂ ਨੂੰ, ਬਿਨਾਂ ਜਾਤ-ਪਾਤ ਜਾਂ ਹੋਰ ਕੋਈ ਵਿਤਕਰੇ ਤੋਂ, ਇਕੋ ਬਾਟੇ ਤੋਂ ਅੰਮ੍ਰਿਤ ਛਕਣਾ ਚਾਹੀਦਾ ਹੈ।

੭. ਸਾਰੇ ਅਭਿਲਾਖੀਆਂ ਨੇ ਪੂਰੇ ਪੰਜ ਕਕਾਰ ਪਾਏ ਹੋਣੇ ਚਾਹੀਦੇ ਹਨ।

੮. ਬੀਬੀਆਂ ਅਤੇ ਪੁਰਸ਼ ਦੋਨੋਂ ਪੂਰੇ ਖਾਲਸਾ ਰੂਪ ਵਿੱਚ ਹੋਣੇ ਚਾਹੀਦੇ ਹਨ (ਭਾਵ ਦਸਤਾਰ ਸਜਾਈ ਹੋਵੇ, ਸਿੰਘਾਂ ਦੇ ਦਾੜੇ ਖੁਲ੍ਹੇ ਪ੍ਰਕਾਸ਼ ਹੋਣ ਅਤੇ ਗੁਰਮੁਖੀ ਲਿਬਾਸ ਪਹਿਨਿਆ ਹੋਵੇ)।

੯. ਅੰਮ੍ਰਿਤ ਛਕਾਉਣ ਤੋਂ ਪਹਿਲਾਂ ਪੰਜ ਪਿਆਰਿਆਂ ਸਾਹਮਣੇ ਇੱਕ ਇੱਕ ਅਭਿਲਾਖੀ ਦੀ ਪੇਸ਼ੀ ਹੋਣੀ ਚਾਹੀਦੀ ਹੈ, ਭਾਵ ਅਭਿਲਾਖੀ ਨੂੰ ਸਾਹਮਣੇ ਲਿਆ ਕੇ ਸਵਾਲ-ਜਵਾਬ ਪੁਛਣ ਅਤੇ ਛਾਣ-ਬੀਣ ਕਰਨ ਕਿ ਅਭਿਲਾਖੀ ਅੰਮ੍ਰਿਤ ਛਕਣ ਯੋਗ ਹੈ ਜਾ ਨਹੀਂ।

੧੦.ਪੰਜਾਂ ਪਿਆਰਿਆਂ ਦੁਆਰਾ ਹੀ ਅਭਿਲਾਖੀ ਨੂੰ ਅੰਮ੍ਰਿਤ ਦੇਣਾ ਚਾਹੀਦਾ ਹੈ ਨਾ ਕਿ “ਇਕ ਪਿਆਰੇ” ਦੁਆਰਾ। ਪੁਰਾਤਨ ਰਹਿਤਨਾਮੇ ਵਿੱਚ ਲਿਖਿਆ ਹੈ:

**‘ਪਾਂਚ ਸਿੰਘ’ ਅੰਮ੍ਰਿਤ ਜੋ ਦੇਵੈ ॥ ਤਾ ਕੋ ਸਿਰ ਧਰਿ ਛਕਿ ਪੁਨ ਲੇਵੈ ॥**

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇੱਥੇ ਵਿਚਾਰ ਕਰਨ ਲਈ ਕੁਝ ਨੁਕਤੇ ਹਨ:

੧) ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਪ੍ਰਕਾਸ਼ ਨਾ ਹੋਵੇ ਤਾਂ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਹੋਰ ਕਿਸੇ ਵੀ ਤਖ਼ਤ ਸਾਹਿਬ ਅੰਮ੍ਰਿਤ ਸੰਚਾਰ ਹੋ ਸਕਦਾ ਹੈ? ਬਿਲਕੁਲ ਨਹੀਂ!

੨) ਜੇਕਰ ਪੰਜ ਪਿਆਰਿਆਂ ਵਿੱਚ ਸੇਵਾ ਕਰਨ ਵਾਲੇ ਕੇਵਲ ੪ ਗੁਰਸਿੱਖ ਹਨ ਅਤੇ ੫ ਗੁਰਸਿੱਖ ਨਹੀਂ ਹਨ ਤਾਂ ਕੀ ਅਜਿਹਾ ਅੰਮ੍ਰਿਤ ਸੰਚਾਰ ਜਾਇਜ਼ ਹੋ ਸਕਦਾ ਹੈ? ਬਿਲਕੁਲ ਨਹੀਂ!

੩) ਜੇਕਰ ਸਰਬਲੋਹ ਦਾ ਬਾਟਾ ਅਤੇ ਸਰਬਲੋਹ ਦਾ ਖੰਡਾ ਨਹੀਂ ਹੈ ਤਾਂ ਕੀ ਅਜਿਹਾ ਅੰਮ੍ਰਿਤ ਸੰਚਾਰ ਜਾਇਜ਼ ਹੋ ਸਕਦਾ ਹੈ? ਬਿਲਕੁਲ ਨਹੀਂ!

੪) ਜੇਕਰ ਅਭਿਲਾਖੀਆਂ ਨੇ ਪੂਰੇ ਪੰਜ ਕਕਾਰ ਦਸਤਾਰ ਸਮੇਤ ਨਹੀਂ ਧਾਰਨ ਕੀਤੇ, ਤਾਂ ਕੀ ਉਨ੍ਹਾਂ ਦੇ ਸਿਰ ਗੁਰੂ ਨੂੰ ਪ੍ਰਵਾਨ ਹੋ ਸਕਦੇ ਹਨ? ਬਿਲਕੁਲ ਨਹੀਂ! ਬਿਨਾਂ ਦਸਤਾਰ ਦੇ ਨੰਗੇ ਸਿਰ ਆਪਣਾ ਸਿਰ ਅਰਪਣ ਕਰਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਵਾਨ ਨਹੀਂ ਹੈ।

੫) ਜੇਕਰ ਪੰਜ ਪਿਆਰੇ ਤੁਹਾਨੂੰ ਕੇਵਲ ਨਾਮ ਦੇ ਦਿੰਦੇ ਹਨ ਪਰ ਨਾਮ ਤੁਹਾਡੇ ਅੰਦਰ ਦ੍ਰਿੜ ਨਹੀਂ ਕਰਦੇ ਅਤੇ ਨਾਮ ਜਪਣ ਦੀ ਵਿਧੀ ਨਹੀਂ ਸਿਖਾਉਂਦੇ, ਤਾਂ ਤੁਸੀਂ ਨਾਮ ਨੂੰ ਕਿਵੇਂ ਜਪੋਗੇ? ਤੁਸੀਂ ਆਪਣਾ ਧਿਆਨ ਕਿੱਥੇ ਲਾਉਗੇ? ਇਸ ਲਈ ਇਹ ਸਭ ਤੋਂ ਵਧੀਆ ਹੈ ਜੇਕਰ ਪੰਜ ਪਿਆਰੇ ਚੰਗੀ ਤਰਾਂ ਨਾਮ ਦ੍ਰਿੜ ਕਰਾਉਣ ਅਤੇ ਨਾਮ ਜਪਣਾ ਸਿਖਾਉਣ।

## ਅੰਮ੍ਰਿਤ ਛਕਣ ਵੇਲੇ ਕੁੱਝ ਖਿਆਲ ਰੱਖਣ ਵਾਲੀਆਂ ਗੱਲਾਂ

੧. ਭਾਗਾਂ ਵਾਲੇ ਗੁਰਸਿੱਖ ਅੰਮ੍ਰਿਤ ਛਕਾਉਣ ਵਾਲੇ ਪੰਜ ਸਿੰਘਾਂ ਨੂੰ ਪਿਆਰੇ ਭਾਈ ਦਇਆ ਸਿੰਘ ਜੀ, ਪਿਆਰੇ ਭਾਈ ਧਰਮ ਸਿੰਘ ਜੀ, ਪਿਆਰੇ ਭਾਈ ਹਿੰਮਤ ਸਿੰਘ ਜੀ, ਪਿਆਰੇ ਭਾਈ ਮੋਹਕਮ ਸਿੰਘ ਜੀ ਅਤੇ ਪਿਆਰੇ ਭਾਈ ਸਾਹਿਬ ਸਿੰਘ ਜੀ ਹੀ ਸਮਝਦੇ ਹਨ। ਜਿਨ੍ਹਾਂ ਚਿਰ ਤੱਕ ਅੰਮ੍ਰਿਤ ਸੰਚਾਰ ਹੁੰਦਾ ਹੈ, ਪੰਜ ਸਿੰਘਾਂ ਵਿੱਚ ਉਹੀ ਪੰਜਾਂ ਪਿਆਰੇ ਵਰਤਦੇ ਹਨ। ਅੰਮ੍ਰਿਤ ਤਿਆਰ ਹੋਣ ਵੇਲੇ, ਭਾਗਾਂ ਵਾਲੇ ਗੁਰਸਿੱਖ ਜਪੁ ਜੀ ਸਾਹਿਬ ਦਾ ਪਾਠ ਬੋਲਣ ਵਾਲੇ ਸਿੰਘ ਨੂੰ ਪਿਆਰੇ ਭਾਈ ਦਇਆ ਸਿੰਘ ਪਛਾਣਦੇ ਹਨ, ਜਾਪੁ ਸਾਹਿਬ ਦਾ ਪਾਠ ਬੋਲਣ ਵਾਲੇ ਸਿੰਘ ਨੂੰ ਪਿਆਰੇ ਭਾਈ ਧਰਮ ਸਿੰਘ ਜੀ ਪਛਾਣਦੇ ਹਨ ਇਤਿਆਦਿ।

੨. ਭਾਗਾਂ ਵਾਲੇ ਗੁਰਸਿੱਖ ਅੰਮ੍ਰਿਤ ਛਕਣ ਵੇਲੇ ਮਹਿਸੂਸ ਕਰਦੇ ਹਨ ਕਿ ਇੱਕ-ਇੱਕ ਅੰਮ੍ਰਿਤ ਦੀ ਬੂੰਦ ਸਿਰ ਤੋਂ ਲੈ ਕੇ ਪੈਰਾਂ ਤੱਕ ਪਰਵੇਸ਼ ਕਰਦੀ ਹੈ, ਰੱਬੀ ਨੂਰ ਪ੍ਰਕਾਸ਼ ਹੋ ਰਿਹਾ ਹੈ ਅਤੇ ਜਨਮ-ਜਨਮ ਦੇ ਪਾਪ ਧੋਤੇ ਜਾ ਰਹੇ ਹਨ।

੩. ਜੇਕਰ ਇੱਕ ਮਹਾਂਪੁਰਸ਼ ਸਾਡੇ ਸਿਰ ਤੇ ਹੱਥ ਰੱਖੇ ਤਾਂ ਅਸੀਂ ਭਾਗਾਂ ਵਾਲੇ ਮਹਿਸੂਸ ਕਰਾਂਗੇ। ਜੇਕਰ ਦੋ ਮਹਾਂਪੁਰਸ਼ ਸਾਡੇ ਸਿਰ ਤੇ ਹੱਥ ਰੱਖ ਕੇ ਅਸੀਸ ਦੇਣ ਤਾਂ ਅਸੀਂ ਬਹੁਤ ਹੀ ਭਾਗਾਂ ਵਾਲੇ ਮਹਿਸੂਸ ਕਰਾਂਗੇ। ਇਸ ਹੀ ਤਰ੍ਹਾਂ ਭਾਗਾਂ ਵਾਲੇ ਗੁਰਸਿੱਖ ਬਹੁਤ ਹੀ ਭਾਗਾਂ ਵਾਲੇ ਮਹਿਸੂਸ ਕਰਦੇ ਹਨ ਕਿ ਇੱਕ ਨਹੀਂ, ਦੋ ਨਹੀਂ, ਪਰ ਪੰਜ ਬਖਸ਼ੀਆਂ ਰੂਹਾਂ ਜਿਸ ਵਿੱਚ ਗੁਰੂ ਸਾਹਿਬ ਆਪ ਵਰਤਦੇ ਹਨ ਉਨ੍ਹਾਂ ਦੇ ਸਿਰ ਤੇ ਹੱਥ ਰੱਖਕੇ ਨਾਮ ਦੀ ਅਸੀਸ ਦਿੰਦੇ ਹਨ।

## ਅੰਮ੍ਰਿਤ ਛਕਣ ਵੇਲੇ ਦੇ ਹੁਕਮ

ਪ੍ਰੋਫੈਸਰ ਅਮਰਜੀਤ ਕੌਰ ਜੀ ਆਪਣੀ ਪੁਸਤਕ 'ਗੁਰਸਿੱਖ ਰਹਿਣੀ' (ਪੰਨਾ ੨੦-੨੧) ਵਿੱਚ ਲਿਖਦੇ ਹਨ:-

**'ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥'**

(ਰਾਗੁ ਸਿਰੀਰਾਗੁ ਮ:੧, ਅੰਗ ੭੨)

ਏਸ ਸ਼੍ਰੋਮਣੀ ਹੁਕਮ ਨੂੰ ਹਿਰਦੇ ਵਿੱਚ ਵਸਾਉਣ ਤੇ ਕਮਾਉਣ ਲਈ ਕੁਝ ਸਹਾਇਕ ਕਰਮ ਹਨ, ਜਿਨ੍ਹਾਂ ਦਾ ਹੁਕਮ ਅੰਮ੍ਰਿਤ ਦੀ ਦਾਤ ਮਿਲਣ ਸਮੇਂ ਸਤਿਗੁਰੂ ਜੀ ਨੇ ਕੀਤਾ। ਉਨ੍ਹਾਂ ਸਹਾਇਕ ਹੁਕਮਾਂ ਦੀ ਜੀਵਨ ਭਰ ਪਾਲਣ ਦੀ ਪ੍ਰਤਿਗਿਆ ਕਰਨੀ ਵੀ ਅੰਮ੍ਰਿਤ ਛਕਣਹਾਰੇ ਜਗਿਆਸੂ ਲਈ ਇੱਕ ਪਹਿਲੀ ਸ਼ਰਤ ਹੈ, ਅਤੇ ਇਸ ਬਿਨਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਹੋ ਸਕਦੀ।

ਸਹਾਇਕ ਹੁਕਮ ਦੋ ਕਿਸਮ ਦੇ ਹਨ- ਇੱਕ ਹਨ ਪਾਜ਼ੀਟਿਵ (ਪੋਸਟਿਵਿਏ) ਭਾਵ, ਕੁਝ ਕਰਨ ਦੇ, ਤੇ ਦੂਜੇ ਨੈਗੇਟਿਵ (ਨਇਗਓਟਿਵਿਏ) ਭਾਵ, ਕੁਝ ਕੁਕਰਮ ਕਰਨ ਦੀ ਸਖ਼ਤ ਮਨਾਹੀ ਦੇ। ਪਹਿਲੀ ਸ਼੍ਰੇਣੀ ਦੇ ਹੁਕਮਾਂ ਨੂੰ ਰਹਿਤਾਂ ਅਤੇ ਦੂਜੀ ਦੀਆਂ ਨੂੰ ਕੁਰਹਿਤਾਂ ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

## ਅੰਮ੍ਰਿਤ ਛਕਣਾ - ਇੱਕ ਨਵਾਂ ਜਨਮ

ਅੰਮ੍ਰਿਤ ਛਕ ਕੇ ਗੁਰਸਿੱਖ ਦਾ ਜਨਮ ਸਤਿਗੁਰੂ ਜੀ ਦੇ ਘਰ ਵਿੱਚ ਹੋ ਜਾਂਦਾ ਹੈ। ਅੰਮ੍ਰਿਤ ਛਕ ਕੇ ਗੁਰਸਿੱਖ ਦਾ ਪਿਛਲਾ ਜਨਮ ਸਮਾਪਤ ਹੋ ਜਾਂਦਾ ਹੈ (ਪਿਛਲੀ ਜਾਤ, ਗੋਤ, ਪਾਪ ਸਭ ਨਾਸ਼ ਹੋ ਜਾਂਦੇ ਹਨ) ਅਤੇ ਉਨ੍ਹਾਂ ਦਾ ਗੁਰੂ ਘਰ ਵਿੱਚ ਨਵਾਂ ਜਨਮ ਹੋ ਜਾਂਦਾ ਹੈ। ਅੰਮ੍ਰਿਤ ਛਕ ਕੇ ਅਤੇ ਗੁਰੂ ਰਹਿਤ ਧਾਰਨ ਕਰਕੇ ਉਹ ਖ਼ਾਲਸਾ ਬਣ ਜਾਂਦੇ ਹਨ। ਅੰਮ੍ਰਿਤ ਛਕ ਕੇ ਗੁਰਸਿੱਖ ਦੇ ਧਰਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਧਰਮ ਮਾਤਾ, ਮਾਤਾ ਸਾਹਿਬ ਕੌਰ ਜੀ ਬਣ ਜਾਂਦੇ ਹਨ। ਗੁਰਸਿੱਖ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵਾਸੀ ਹਨ ਅਤੇ ਉਨ੍ਹਾਂ ਦਾ ਪਰਿਵਾਰ ਖ਼ਾਲਸਾ ਹੈ। ਗੁਰਸਿੱਖ ਇੱਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਦੇ। ਦਸਾਂ ਗੁਰੂ ਸਾਹਿਬਾਨਾਂ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਦੇ। ਗੁਰਸਿੱਖ ਸਿੱਖੀ ਨੂੰ ਸੱਭ ਤੋਂ ਵਧੀਆ ਅਤੇ ਸ੍ਰੇਸ਼ਟ ਧਰਮ ਪਛਾਣਦੇ ਹਨ।

## ਪੰਜ ਕਕਾਰੀ ਰਹਿਤ

ਅੰਮ੍ਰਿਤ ਛਕ ਕੇ ਗੁਰਸਿੱਖ ਪੰਜ ਕਕਾਰਾਂ (੧. ਗੋਡਿਆਂ ਤੱਕ ਚਿੱਟੇ ਰੰਗ ਦਾ ਰੇਬਦਾਰ ਕਛਹਿਰਾ, ੨. ਸਰਬ ਲੋਹ ਦਾ ਕੜਾ, ੩. ਸਰਬ ਲੋਹ ਦੀ ਕ੍ਰਿਪਾਨ (ਗਾਤ੍ਰੇ ਵਾਲੀ), ੪. ਲੱਕੜ ਦਾ ਕੰਘਾ, ੫. ਕੇਸਕੀ- ਭਾਵ ਛੋਟੀ ਦਸਤਾਰ) ਨੂੰ ਸਰੀਰ ਦੇ ਅੰਗ ਸਮਝਦੇ ਹਨ ਅਤੇ ਕਿਸੇ ਵੀ ਵਕਤ (ਇਸ਼ਨਾਨ ਕਰਨ ਸਮੇਂ, ਕਿਰਤ ਕਰਨ ਸਮੇਂ ਜਾਂ ਰਾਤ ਸੌਣ ਸਮੇਂ) ਕੋਈ ਕਕਾਰ ਸਰੀਰ ਤੋਂ ਵੱਖ ਨਹੀ ਕਰਦੇ। ਕੇਸੀ ਇਸ਼ਨਾਨ ਕਰਨ ਸਮੇਂ ਕੇਸਕੀ (ਭਾਵ ਛੋਟੀ ਦਸਤਾਰ) ਦੇ ਵਿੱਚ ਕੰਘਾ ਲਪੇਟ ਕੇ ਲੱਕ ਨਾਲ ਬੰਨ੍ਹ ਲੈਂਦੇ ਹਨ। ਕਛਹਿਰਾ ਬਦਲਣ ਸਮੇਂ ਗਿਲਾ ਕਛਹਿਰਾ ਇਕ ਪੈਰ ਵਿਚੋਂ ਲਾਹ ਕੇ ਸੁੱਕਾ ਪਾ ਲੈਂਦੇ ਹਨ ਅਤੇ ਕਦੇ ਵੀ ਕਛਹਿਰਾ ਦੋਵੇਂ ਪੈਰਾਂ ਵਿੱਚੋ ਲਾਹ ਕੇ ਪੂਰੀ ਤਰ੍ਹਾਂ ਸਰੀਰ ਤੋਂ ਵੱਖ ਨਹੀ ਕਰਦੇ। ਨੰਗੇ ਸਿਰ ਕਛਹਿਰਾ ਨਹੀਂ ਬਦਲਦੇ। ਕੰਘਾ ਸਦਾ ਸਾਬਤ ਰੱਖਦੇ ਹਨ। ਜੇ ਇਕ ਵੀ ਦੰਦਾ ਟੁੱਟ ਜਾਵੇ ਤਾਂ ਨਵਾਂ ਕੰਘਾ ਲੈ ਕੇ ਕੇਸਾਂ ਵਿੱਚ ਰੱਖਦੇ ਹਨ। ਜੇ ਕਕਾਰ ਸਰੀਰ ਤੋਂ ਵੱਖਰਾ ਹੋ ਜਾਵੇ ਤਾਂ ਕਕਾਰ ਪਹਿਨਕੇ ਜਪੁ ਜੀ ਸਾਹਿਬ ਦਾ ਪਾਠ ਤੇ ਅਰਦਾਸ ਕਰਕੇ ਭੁੱਲ ਬਖਸ਼ਾ ਕੇ ਫਿਰ ਹੀ ਕੁਝ ਛਕਦੇ ਹਨ।

**ਕਛਹਿਰੇ ਬਾਰੇ ਵਧੇਰੇ ਜਾਣਕਾਰੀ:** ਗੁਰਸਿੱਖ ਹਮੇਸ਼ਾ ਖਿਆਲ ਰੱਖਦੇ ਹਨ ਕਿ ਕਛਹਿਰਾ ਰੇਬਦਾਰ ਹੈ (ਭਾਵ ਮੋਹਰੀਆਂ ਤੋਂ ਤੰਗ (tight) ਹੈ)। ਬਾਕਸਰ ਸ਼ਾਰਟਸ (boxer shorts) ਜਾਂ ਹੋਰ ਕਿਸੇ ਕਿਸਮ ਪ੍ਰਕਾਰ ਦੀ ਨਿੱਕਰ ਨੂੰ ਕਛਹਿਰੇ ਦੀ ਥਾਂ ਤੇ ਕਕਾਰ ਨਹੀਂ ਮੰਨਿਆਂ ਜਾ ਸਕਦਾ ਕਰਕੇ ਗੁਰਸਿੱਖ ਗੁਰੂ ਸਾਹਿਬ ਜੀ ਦੀ ਦਿੱਤੀ ਕਛਹਿਰਾ ਦੀ ਮਰਯਾਦਾ ਪਾਲਦੇ ਹਨ।

**ਕੜੇ ਬਾਰੇ ਵਧੇਰੇ ਜਾਣਕਾਰੀ:** ਗੁਰਸਿੱਖ ਸੋਨੇ, ਚਾਂਦੀ, ਪਿੱਤਲ, ਤਾਂਬੇ ਵਾਲਾ ਕੜਾ ਨਹੀਂ ਪਾਉਂਦਾ ਅਤੇ ਨਾ ਹੀ ਟੱਕਾਂ (grooves) ਵਾਲਾ ਜੋ ਕੋਈ ਵੀ ਕੜਾ ਜਿਸ ਵਿੱਚ design ਬਣਾਇਆ

ਹੋਵੇ ਪਾਉਂਦੇ ਹਨ। ਗੁਰਸਿੱਖ ਕੜੇ ਨੂੰ ਹਮੇਸ਼ਾ ਸਾਫ ਰੱਖਦੇ ਹਨ ਅਤੇ ਰੇਤਾ, ਸੁਆਹ, ਨਿੰਬੂ ਜਾਂ ਸਿਟਰਿਕ ਐਸਿਡ (citric acid) ਨਾਲ ਕੜਾ ਸਾਫ ਕਰਦੇ ਹਨ। ਹੱਥ ਧੋਣ ਵੇਲੇ ਗੁਰਸਿੱਖ ਖਿਆਲ ਰੱਖਦੇ ਹਨ ਕਿ ਨਾਲ ਹੀ ਕੜਾ ਵੀ ਧੋਤਾ ਜਾਵੇ ਅਤੇ ਹੱਥਾਂ ਦੇ ਨਾਲ ਕੜਾ ਸੁਕਾਉਂਦੇ ਵੀ ਹਨ ਤਾਂਕਿ ਗਿੱਲੇ ਕੜੇ ਨਾਲ ਚਮੜੀ ਨੂੰ ਐਲਰਜੀ (skin allergy) ਨਾ ਹੋ ਜਾਵੇ।

**ਕ੍ਰਿਪਾਨ ਬਾਰੇ ਵਧੇਰੇ ਜਾਣਕਾਰੀ:** ਗੁਰਸਿੱਖ ਖਿਆਲ ਰੱਖਦੇ ਹਨ ਕਿ ਉਨ੍ਹਾਂ ਦੀ ਕ੍ਰਿਪਾਨ ਵਰਤਣ ਯੋਗ ਸ਼ਸਤ੍ਰ (ਭਾਵ ਤਿੱਖੀ) ਹੈ ਅਤੇ ਉਸਦੀ ਬਲੇਡ ਸਰਬਲੋਹ ਦੀ ਹੈ। ਜਿਸ ਤਰ੍ਹਾਂ ਦੁਨੀਆਵੀ ਫੌਜ ਆਪਣੇ ਸ਼ਸਤ੍ਰ ਬਾਹਰ ਪ੍ਰਦਰਸ਼ਨ ਕਰਦੀ ਹੈ ਜੋ ਕਿ ਉਨ੍ਹਾਂ ਨੂੰ ਆਪਣੀ ਡਿਊਟੀ ਪ੍ਰਤੀ ਜਾਗ੍ਰਿਤ ਰੱਖਦਾ ਹੈ। ਇਸ ਹੀ ਤਰਾਂ ਖ਼ਾਲਸਾ ਅਕਾਲ ਪੁਰਖ ਕੀ ਫੌਜ ਹੈ ਅਤੇ ਗੁਰੂ ਸਾਹਿਬ ਵਲੋਂ ਬਾਹਰ ਸ਼ਸਤ੍ਰ ਪਾਉਣ ਦੀ ਹਦਾਇਤ ਹੈ। ਇਸ ਕਰਕੇ ਗੁਰਦੁਆਰਾ ਸਾਹਿਬ, ਸੰਗਤ ਜਾਂ ਜਿੱਥੇ ਵੀ ਹੋ ਸਕੇ, ਗੁਰਸਿੱਖ ਆਪਣੇ ਕੱਪੜਿਆਂ ਦੇ ਹੇਠਾਂ ਛੋਟੀ ਕਕਾਰ ਵਾਲੀ ਕ੍ਰਿਪਾਨ ਪਹਿਨਦੇ ਹਨ ਅਤੇ ਆਪਣੇ ਕੱਪੜਿਆਂ ਦੇ ਉੱਪਰ ਆਪਣਾ ਵੱਡਾ ਸ਼ਸਤਰ (ਕ੍ਰਿਪਾਨ) ਪਹਿਨਦੇ ਹਨ ਤਾਂ ਕਿ ਦੂਜਿਆਂ ਨੂੰ ਦਿਖਾਈ ਦੇ ਸਕੇ। ਇਸ ਗੱਲ ਵਿੱਚ ਗੁਰਸਿੱਖ ਝਿਜਕ ਜਾਂ ਸ਼ਰਮ ਨਹੀਂ ਕਰਦੇ। ਡੋਰੀ, ਧਾਗੇ ਜਾਂ ਸੰਗਲੀ ਵਿੱਚ ਨਿਸ਼ਾਨੀ ਰੂਪ ਕ੍ਰਿਪਾਨ ਗੁਰੂ ਦਾ ਹੁਕਮ ਨਾ ਹੋਣ ਕਰਕੇ ਗੁਰਸਿੱਖ ਹਮੇਸ਼ਾ ਗਾਤ੍ਰੇ ਵਾਲੀ ਹੀ ਕ੍ਰਿਪਾਨ ਕਕਾਰ ਪਹਿਨਦੇ ਹਨ। ਹਵਾਈ ਜਹਾਜ਼ ਰਾਹੀਂ ਸਫ਼ਰ ਕਰਨ ਦੌਰਾਨ ਜਾਂ ਹੋਰ ਕਿਸੇ ਉੱਚ ਸੁਰੱਖਿਆ (high security) ਜਗ੍ਹਾ ਜਾਣ ਵੇਲੇ ਗੁਰਸਿੱਖ ਬਿਨਾਂ ਕ੍ਰਿਪਾਨ ਜਾਣ ਨਾਲੋਂ ਢੁਕਵੀਂ ਲੰਬਾਈ ਦੀ ਨਿੱਕੀ ਕ੍ਰਿਪਾਨ ਪਹਿਨਦੇ ਹਨ।

**ਕੰਘੇ ਬਾਰੇ ਵਧੇਰੇ ਜਾਣਕਾਰੀ:** ਜੇ ਗੁਰਸਿੱਖ ਦੇ ਕੰਘੇ ਦਾ ਇੱਕ ਵੀ ਦੰਦਾ ਟੁੱਟ ਜਾਵੇ, ਤਾਂ ਉਹ ਮੁੜ ਦੁਬਾਰਾ ਉਸ ਨੂੰ ਵਰਤਦੇ ਨਹੀਂ ਹਨ ਕਿਉਂਕਿ ਉਸ ਨਾਲ ਕੇਸ ਟੁੱਟਣ ਦਾ ਖਦਸ਼ਾ (likelihood) ਰਹਿੰਦਾ ਹੈ। ਗੁਰਸਿੱਖ ਹਮੇਸ਼ਾ ਸਾਬਤ ਕੰਘਾ ਰੱਖਦੇ ਹਨ ਅਤੇ ਆਪਣੇ ਘਰ ਵਿੱਚ ਜਾਂ ਸਫਰ ਕਰਨ ਵੇਲੇ ਘੱਟੋ-ਘੱਟ ਦੋ ਕੰਘੇ ਰੱਖਦੇ ਹਨ। ਕੰਘਾ ਕਰਨ ਨਾਲ ਜੋ ਟੁੱਟੇ ਕੇਸ ਨਿਕਲਣ ਉਹ ਪੈਰਾਂ ਥੱਲੇ ਜਾਂ ਗੰਦੇ ਥਾਂ ਨਹੀਂ ਸੁੱਟਦੇ। ਗੁਰਸਿੱਖ ਘਰ ਵਿੱਚ ਇੱਕ ਡੱਬਾ ਜਾਂ ਥੈਲਾ ਰੱਖਦੇ ਹਨ ਜਿਸ ਵਿੱਚ ਕੰਘਾ ਕਰਦਿਆਂ ਟੁੱਟਣ ਵਾਲੇ ਕੇਸ ਸਾਂਭਦੇ ਹਨ। ਕੇਸਾਂ ਦੇ ਸਤਿਕਾਰ ਨੂੰ ਮੁਖ ਰੱਖਦਿਆਂ, ਜਦੋਂ ਬਹੁਤ ਸਾਰੇ ਕੇਸ ਇਕੱਠੇ ਹੋ ਜਾਣ ਤਾਂ ਗੁਰਸਿੱਖ ਉਨ੍ਹਾਂ ਦਾ ਸਸਕਾਰ (ਅਗਨ ਭੇਟ) ਕਰ ਦਿੰਦੇ ਹਨ। ਜੇਕਰ ਕਿਸੇ ਵੀ ਕਾਰਨ ਕਰਕੇ ਗੁਰਸਿੱਖ ਦੇ ਕੇਸਾਂ ਵਿੱਚ ਕੰਘਾ ਨਹੀਂ ਟਿਕਦਾ ਜਾਂ ਡਿੱਗਣ ਦਾ ਡਰ ਰਹਿੰਦਾ ਹੈ, ਤਾਂ ਉਹ ਕੰਘੇ ਨਾਲ ਧਾਗਾ ਬੰਨ੍ਹ ਕੇ ਜੂੜੇ ਨਾਲ ਰੱਖ ਲੈਂਦੇ ਹਨ।

**ਕੇਸਕੀ ਬਾਰੇ ਵਧੇਰੇ ਜਾਣਕਾਰੀ:** ਜਿਸ ਤਰਾਂ ਕ੍ਰਿਪਾਨ ਰੱਖਣ ਲਈ ਗਾਤਰਾ ਜ਼ਰੂਰੀ ਹੈ, ਇਸ ਹੀ ਤਰ੍ਹਾਂ ਕੇਸਾਂ ਦੇ ਸਤਿਕਾਰ ਲਈ ਦਸਤਾਰ ਜ਼ਰੂਰੀ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਕੇਸ

ਅਤੇ ਦਸਤਾਰ ਅਭਿੰਨ (inseparable) ਹਨ। ਇਸਲਈ ਗੁਰਸਿੱਖ ਰਾਤ ਨੂੰ ਸੌਣ ਸਮੇਂ ਛੋਟੀ ਦਸਤਾਰ ਜੂੜੇ ਵਿੱਚ ਲਪੇਟ ਕੇ ਬੰਨ੍ਹਦੇ ਹਨ ਤਾਂ ਜੋ ਸੁੱਤਿਆਂ ਹੋਇਆਂ ਦਸਤਾਰ ਕੇਸਾਂ ਤੋਂ ਅਲੱਗ ਨਾ ਹੋਵੇ। ਜੋ ਛੋਟੀ ਦਸਤਾਰ ਸਿਰ ਦੇ ਕੇਸਾਂ ਨੂੰ ਢੱਕਦੀ ਹੈ, ਉਸ ਨੂੰ 'ਕੇਸਕੀ' ਕਿਹਾ ਜਾਂਦਾ ਹੈ। ਆਮ ਤੌਰ ਤੇ ਕੇਸਕੀ ਤਕਰੀਬਨ ੨ ਤੋਂ ੩ ਮੀਟਰ ਦੀ ਹੁੰਦੀ ਹੈ। ਪ੍ਰੋਫੈਸਰ ਪਿਆਰਾ ਸਿੰਘ ਪਦਮ ਜੀ ਆਪਣੀ ਪੁਸਤਕ 'ਗੋਬਿੰਦ ਸਾਗਰ' ਵਿੱਚ ਲਿਖਦੇ ਹਨ:

> ਕੁ-ਕਰਮ ਕਰਨ ਵਾਲਿਆਂ ਨਾਲ ਰੋਟੀ ਬੇਟੀ ਦੀ ਸਾਂਝ। ਦੋ ਸੌ ਵਰ੍ਹਿਆਂ ਤੋਂ ਕਕਾਰਾਂ ਵਿਚ ਕੇਸਾਂ ਦਾ ਪ੍ਰਧਾਨ ਅਸਥਾਨ ਹੈ ਤੇ ਕੇਸਕੀ ਲੋਪ ਹੈ। ਇਉਂ ਲੱਗਦਾ ਹੈ, ਜਿਵੇਂ ਅਠਾਰ੍ਹਵੀਂ ਸਦੀ ਦੇ ਅੰਧਕਾਰ ਕਾਲ ਵਿਚ ਕੇਸ ਤੇ ਕੇਸਕੀ ਪਰਸਪਰ ਅਭੇਦ ਹੋ ਗਏ ਅਤੇ ਹੌਲੀ ਹੌਲੀ 'ਕੇਸਕੀ' ਕਕਾਰ-ਸੂਚੀ ਵਿਚੋਂ ਗੁੰਮ ਗਈ। ਸਾਡੇ ਖ਼ਿਆਲ ਵਿਚ

ਪ੍ਰੋ. ਪਿਆਰਾ ਸਿੰਘ ਪਦਮ, 'ਗੋਬਿੰਦ ਸਾਗਰ', ਪੰਨਾ ੧੨੦

> **1. ਕੇਸਕੀ ਜਾਂ ਕੇਸ**
>
> ਬਾਹਰਲੀ ਰਹਿਤ ਵਿਚ ਕੇਸਾਂ ਦਾ ਵਿਸ਼ੇਸ਼ ਅਸਥਾਨ ਹੈ, ਇਸ ਤੋਂ ਕਿਸੇ ਨੂੰ ਇਨਕਾਰ ਨਹੀਂ ਪਰ ਮੇਰਾ ਖ਼ਿਆਲ ਹੈ ਕਿ ਪੰਜ ਕਕਾਰਾਂ ਵਿਚ ਪਹਿਲੇ ਕੇਸਕੀ ਜਾਂ ਦਸਤਾਰ ਸ਼ਾਮਲ ਸੀ। ਪਤਾ ਨਹੀਂ ਕਦੋਂ ਕੇਸਕੀ ਦੀ ਥਾਂ ਕੇਸ ਸ਼ਬਦ ਵਧੇਰੇ ਪ੍ਰਸਿੱਧ ਹੋ ਗਿਆ। ਕਾਰਨ ਇਹ ਹੈ ਕਿ ਜੋ ਪੰਜ ਕਕਾਰ ਖ਼ਾਲਸਾ-ਸਾਜਨਾ ਸਮੇਂ ਰਹਿਤ ਲਈ ਜ਼ਰੂਰੀ ਕਰਾਰ ਦਿੱਤੇ ਗਏ, ਉਹ ਸਾਰੇ ਦੇ ਸਾਰੇ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਸਨ ਜਿਵੇਂ ਕਿ ਕੇਸਕੀ, ਕੰਘਾ, ਕੜਾ, ਕਛਹਿਰਾ ਤੇ ਕ੍ਰਿਪਾਨ। ਪਰੰਤੂ ਕੇਸ ਤਾਂ ਪਹਿਲਾਂ ਹੀ ਸਰੀਰ ਦਾ ਕੁਦਰਤੀ ਅੰਗ ਹਨ। ਇਨ੍ਹਾਂ ਬਾਰੇ ਤਾਂ ਇਹੋ ਹਦਾਇਤ ਦੇਣਾ ਕਾਫ਼ੀ ਸੀ ਕਿ ਇਨ੍ਹਾਂ ਨੂੰ ਕਿਸੇ ਰੂਪ ਵਿਚ ਕੱਟਿਆ ਨਾ ਜਾਵੇ। ਇਸ ਬਾਰੇ ਸ੍ਰੀ ਦਸਮੇਸ਼ ਜੀ ਦੀ ਹੁਕਮਨਾਮਿਆਂ ਵਿਚ ਸਿੱਖਾਂ ਪ੍ਰਤੀ ਸਪਸ਼ਟ ਹਦਾਇਤ ਹੈ—'ਭੱਦਣ ਨਹੀਂ ਕਰਨਾ' ਅਤੇ ਇਹ ਹੁਕਮ ਚਾਰ ਕੁਰਹਿਤਾਂ ਦੱਸਣ ਸਮੇਂ ਪਹਿਲੇ ਨੰਬਰ 'ਤੇ ਰੱਖਿਆ ਗਿਆ ਹੈ ਤੇ ਰਹਿਤਨਾਮੇ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਪ੍ਰੋ. ਪਿਆਰਾ ਸਿੰਘ ਪਦਮ, 'ਗੋਬਿੰਦ ਸਾਗਰ', ਪੰਨਾ ੧੨੭

ਨਿਹੰਗ ਸਿੰਘ ਮਹਾਕਾਲ ਗਿਆਨੀ ਸੁਰਿੰਦਰ ਸਿੰਘ ਸਮਰਾਟ ਜੀ ਬੁੱਢਾ ਦਲ ਵਾਲੇ ਕਥਾ ਕਰਨ ਵੇਲੇ ਕੇਸਕੀ ਨੂੰ ਪੰਜਵਾਂ ਕਕਾਰ ਦਰਸਾਉਂਦੇ ਹਨ। ਇੱਕ ਕਥਾ ਦੌਰਾਨ ਉਨ੍ਹਾਂ ਨੇ ਕਿਹਾ:

> ਨਵੇਂ ਪ੍ਰਚਾਰਕਾਂ ਨੇ ਕੇਸਾਂ ਨੂੰ ਪੰਜਵਾਂ ਕਕਾਰ ਬਣਾ ਦਿੱਤਾ ਹੈ। ਉਹ ਕਹਿੰਦੇ ਹਨ ਕਿ ਕੇਸ, ਕੜਾ, ਕੰਘਾ, ਕਿਰਪਾਨ ਅਤੇ ਕਛਹਿਰਾ ਪੰਜ ਕਕਾਰ ਹਨ। ਪਰ ਅਸਲ ਵਿੱਚ ਕੇਸ ਗੁਰੂ ਦੀ ਮੋਹਰ ਹੈ ਅਤੇ ਪੰਜਵਾਂ ਕਕਾਰ ਨੀਲੇ ਰੰਗ ਦੀ ਕੇਸਕੀ ਹੈ, ਜੋ ਕਿ ਕਲਗੀਧਰ ਸਾਹਿਬ ਨੇ ਆਪ ਪੰਥ ਵਿੱਚ ਮਰਯਾਦਾ ਚਲਾਈ। ਢਾਈ ਤੋਂ ਲੈਕੇ ਪੰਜ ਮੀਟਰ ਤੱਕ ਇਸ ਦੀ ਲੰਬਾਈ ਹੋ ਸਕਦੀ ਹੈ।... ਜਦੋਂ ਅੰਮ੍ਰਿਤ ਛਕ ਲਿਆ ਤਾਂ ਹਰ ਮਾਈ ਭਾਈ ਦੇ ਕਛਹਿਰੇ ਵਾਂਗ ਕੇਸਕੀ ਵੀ ਹਰ ਵੇਲੇ ਸਰੀਰ ਦੇ ਨਾਲ ਹੋਣੀ ਚਾਹੀਦੀ ਹੈ। ਪੁਰਾਣੇ ਸਮੇਂ ਹਰ ਮਾਈ ਭਾਈ

ਦਸਤਾਰ ਸਜਾਉਂਦਾ ਸੀ। ਪਰ ਅੱਜ ਬਹੁਤੇ ਸਿੱਖਾਂ ਕੋਲ ਪੰਜ ਕਕਾਰ ਵੀ ਪੂਰੇ ਨਹੀਂ, ਚੜ੍ਹਦੀਕਲਾ ਪ੍ਰਾਪਤ ਹੋਣੀ ਤਾਂ ਅਗਲੀ ਗੱਲ ਹੈ।

ਦਸਤਾਰ ਬੰਨ੍ਹਣ ਸਮੇਂ, ਗੁਰਸਿੱਖ ਕਦੇ ਵੀ ਲੜ ਮੂੰਹ ਵਿੱਚ ਨਹੀਂ ਪਾਉਂਦੇ, ਕਿਉਂਕਿ ਇਸ ਨਾਲ ਥੁੱਕ ਦਸਤਾਰ ਤੇ ਲੱਗ ਜਾਂਦੀ ਹੈ ਜਿਸ ਨਾਲ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਹੁੰਦੀ ਹੈ। ਗੁਰਸਿੱਖ ਚੁਣ ਕੇ ਦਸਤਾਰ ਸਜਾਉਂਦੇ ਹਨ ਅਤੇ ਟੋਪੀ ਵਾਂਗ ਪਾਉਂਦੇ ਜਾ ਉਤਾਰਦੇ ਨਹੀਂ।

## ਚਾਰ ਬੱਜਰ ਕੁਰਹਿਤਾਂ

ਅੰਮ੍ਰਿਤ ਛਕ ਕੇ ਗੁਰਸਿੱਖ ਹੇਠ ਲਿਖੀਆਂ ਚਾਰ ਬੱਜਰ ਕੁਰਹਿਤਾਂ (ਭਾਵ ਚਾਰ ਭਾਰੀਆਂ ਗਲਤੀਆਂ ਜੋ ਗੁਰਸਿੱਖੀ ਦੇ ਰਾਹ ਤੋਂ ਕੁਰਾਹੇ ਪਾਉਂਦੀਆਂ ਹਨ ਅਤੇ ਜਿਸ ਕਰਕੇ ਸਿੱਖ ਪਤਿਤ ਹੋ ਜਾਂਦਾ ਹੈ) ਤੋਂ ਬਚਣ ਲਈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਿਮਰਤਾ ਸਹਿਤ ਬੇਨਤੀਆਂ ਕਰਦੇ ਰਹਿੰਦੇ ਹਨ:

੧. **ਕੇਸਾਂ ਦੀ ਬੇਅਦਬੀ:** ਸਿਰ ਦੀ ਚੋਟੀ ਤੋਂ ਲੈਕੇ ਪੈਰ ਦੇ ਅੰਗੂਠੇ ਤੱਕ ਜਿੰਨੇ ਵੀ ਸਰੀਰ ਦੇ ਰੋਮ ਹਨ, ਉਹ ਸਾਰੇ ਕੇਸ ਹਨ। ਗੁਰਸਿੱਖ ਕੇਸਾਂ ਦੀ ਕਿਸੇ ਵੀ ਢੰਗ ਨਾਲ ਬੇਅਦਬੀ ਨਾ ਕਰਨ ਲਈ ਵਚਨਬੱਧ ਹਨ। ਗੁਰਸਿੱਖ ਨੇ ਕੇਸਾਂ ਨੂੰ ਨਾ ਕੱਟਣੇ, ਨਾ ਪੱਟਣੇ, ਨਾ ਰੰਗਣੇ ਜਾਂ ਬਲੀਚ (bleach), ਨਾ ਭਰਵੱਟੇ ਬਣਵਾਉਣੇ, ਅਤੇ ਨਾਹੀ ਲੇਜ਼ਰ (laser) ਦੀ ਵਰਤੋਂ ਕਰਨ ਦੇ ਵਚਨਬੱਧ ਹੁੰਦੇ ਹਨ। ਕੁਝ ਬੀਬੀਆਂ ਦੇ ਹਾਰਮੋਨਲ ਅਸੰਤੁਲਨ (harmonal unbalance) ਕਰਕੇ ਅਸੁਭਾਵਿਕ ਕੇਸ ਮੂੰਹ ਤੇ ਆ ਜਾਂਦੇ ਹਨ, ਜੋ ਕਿ ਗੁਰਮਤਿ ਦੇ ਦਾਇਰੇ ਵਿੱਚ ਰਹਿ ਕੇ naturopathy ਰਾਹੀਂ ਆਪਣਾ ਕੁਦਰਤੀ ਇਲਾਜ ਕਰ ਸਕਦੇ ਹਨ। ਇਸ ਵਿੱਚ ਖੁਰਾਕ ਦਾ ਧਿਆਨ ਦੇਣਾ ਪੈਂਦਾ ਹੈ।

੨. **ਕੁੱਠਾ ਖਾਣਾ:** ਪੰਥਕ ਵਿਦਵਾਨਾਂ ਨੇ 'ਕੁੱਠਾ' ਦਾ ਅਰਥ ਕੱਟਿਆ-ਵੱਢਿਆ ਹੋਇਆ ਜਾਨਵਰ ਕੀਤਾ ਹਨ। 'ਕੁੱਠਾ' ਸ਼ਬਦ ਕਿਸੇ ਇੱਕ ਮਜ਼ਬ ਅਨੁਸਾਰ ਜਾਨਵਰ ਮਾਰਨ ਦੇ ਤਰੀਕੇ ਤੱਕ ਸੀਮਤ ਨਹੀਂ ਹੈ। ਸਪਸ਼ਟ ਅਰਥਾਂ ਵਿੱਚ ਮੀਟ, ਮੱਛੀ, ਅੰਡਾ ਨਹੀ ਖਾਣਾ। ਗੁਰਸਿੱਖ ਦਵਾਈ ਅਤੇ ਖਾਣ ਦੀ ਰਸਦ ਖਰੀਦਣ ਵੇਲੇ ਚੰਗੀ ਤਰਾਂ ਪੜ੍ਹਕੇ ਲੈਂਦੇ ਹਨ ਤਾਂ ਜੋ ਜਿਨ੍ਹਾਂ ਚੀਜ਼ਾਂ ਵਿੱਚ ਐਸੀ ਵਿਵਰਜਿਤ ਵਸਤੂ ਹੋਵੇ ਤਾਂ ਉਸ ਨੂੰ ਨਾ ਖਰੀਦਿਆ ਜਾਵੇ।

੩. **ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਕਰਨਾ:** ਗੁਰਸਿੱਖ ਪਰਾਈ ਇਸਤ੍ਰੀ ਨੂੰ ਮਾਂ, ਭੈਣ ਜਾਂ ਬੇਟੀ ਸਮਝਦੇ ਹਨ ਅਤੇ ਪਰਾਏ ਮਰਦ ਨੂੰ ਪਿਓ, ਭਰਾ ਜਾਂ ਬੇਟਾ ਸਮਝਦੇ ਹਨ। ਅਸ਼ਲੀਲ ਗੰਦੀਆਂ ਫਿਲਮਾਂ, ਵੈਬਸਾਈਟਾਂ, ਸਿਨੇਮਾਂ, ਨਾਚ ਆਦਿ ਨਹੀਂ ਵੇਖਦੇ। ਸੋਸ਼ਲ ਮੀਡੀਆ (ਫੇਸਬੁਕ ਆਦਿ) ਸੋਚ ਸਮਝ ਕੇ ਵਰਤਦੇ ਹਨ। ਗੁਰਮਤਿ ਅਨੁਸਾਰ ਗੁਰਸਿੱਖ ਕਿਸੇ ਕਿਸਮ ਦਾ boyfriend ਜਾਂ girlfriend ਦਾ ਰਿਸ਼ਤਾ ਰੱਖਣਾ ਮਹਾਂ ਮਨਮੱਤ ਸਮਝਦੇ ਹਨ ਅਤੇ

ਬਹੁਤ ਖਿਆਲ ਨਾਲ ਅਤੇ ਗੁਰਮਤਿ ਦੇ ਸਖਤ ਦਾਇਰੇ ਵਿੱਚ ਰਹਿੰਦੇ ਹੋਏ ਕਿਸੇ ਵੀ ਪਰਾਏ ਪੁਰਸ਼ ਜਾਂ ਬੀਬੀ ਨਾਲ ਲੋੜ ਮੁਤਾਬਕ ਗੱਲ ਕਰਦੇ ਹਨ।

੪. **ਤਮਾਕੂ ਆਦਿ ਨਸ਼ੇ ਵਰਤਣੇ:** ਗੁਰਸਿੱਖ ਤਮਾਕੂ ਜਾਂ ਹੋਰ ਕੋਈ ਵੀ ਨਸ਼ੇ ਵਾਲੀ ਚੀਜ਼ (ਸ਼ਰਾਬ ਆਦਿ) ਦਾ ਸੇਵਨ ਬਿਲਕੁਲ ਨਹੀਂ ਕਰਦੇ। ਇੱਥੋਂ ਤੱਕ ਕਿ ਤਮਾਕੂ ਨੂੰ ਹੱਥ ਵੀ ਨਹੀਂ ਲਗਾਉਂਦੇ ਅਤੇ ਨਾ ਹੀ ਕਿਸੇ ਨਸ਼ੇ ਦਾ ਵਾਪਾਰ ਕਰਦੇ ਹਨ। ਗੁਰਸਿੱਖ ਤਮਾਕੂ ਵਾਲੇ ਦੇ ਹੱਥੋਂ ਪਾਣੀ ਪੀਣਾ ਵੀ ਸ਼ਰਾਬ ਪੀਣ ਦੇ ਬਰਾਬਰ ਮੰਨਦੇ ਹਨ:

**ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਤਜਿ ਜਾਇ ॥**
**ਪਾਨੀ ਤਾਂ ਕੇ ਹਾਥ ਕਾ ਮਦਰਾ ਸਮ ਅਘ ਦਾਇ ॥੨੨॥**

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕਵੀ ਸੰਤੋਖ ਸਿੰਘ ਜੀ - ਜਿਲਦ ਦਸਵੀਂ, ਰੁੱਤ ੫, ਅੰਸੂ ੨੯)

**ਅਰਥ:-** ਤਮਾਕੂ ਦਾ ਰਤੀ ਭਰ ਵੀ ਸੇਵਨ ਕਰਨ ਨਾਲ ਦੇਵ-ਪਿੱਤ੍ਰ (ਚੰਗੇ ਵੱਡੇ ਵੱਡੇਰੇ) ਛੱਡ ਜਾਂਦੇ ਹਨ। ਅਜਿਹੇ ਮਨੁੱਖ ਦੇ ਹੱਥੋਂ ਪਾਣੀ ਛਕਣਾ ਸ਼ਰਾਬ ਪੀਣ ਦੇ ਪਾਪ ਦੇ ਬਰਾਬਰ ਹੈ। (ਨੋਟ:- ਸਿੱਖੀ ਤੌਰ ਤੇ ਸਾਡੇ ਦੇਵ-ਪਿੱਤ੍ਰ ਸਾਡੇ ਗੁਰੂ-ਬਾਬੇ ਤੇ ਸ਼ਹੀਦ ਹਨ।)

ਗੁਰਸਿੱਖ ਹਮੇਸ਼ਾ ਯਾਦ ਰੱਖਦੇ ਹਨ ਕਿ ਉਪਰੋਕਤ ਚਾਰ ਭਾਰੀਆਂ ਗਲਤੀਆਂ (ਬੱਜਰ ਕੁਰਹਿਤਾਂ) ਵਿੱਚੋਂ ਇੱਕ ਵੀ ਕਰਨ ਨਾਲ ਗੁਰਸਿੱਖ ਸਿੱਖੀ ਤੋਂ ਖਾਰਿਜ਼ ਹੋ ਜਾਂਦਾ ਹੈ ਅਤੇ ਉਸਨੂੰ ਦੁਬਾਰਾ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ ਅੰਮ੍ਰਿਤ ਦੀ ਦਾਤ ਫਿਰ ਤੋਂ ਪ੍ਰਾਪਤ ਕਰਨੀ ਪੈਂਦੀ ਹੈ। ਗੁਰਸਿੱਖ ਗੁਰੂ ਸਾਹਿਬ ਕੋਲ ਨਿਤ ਅਰਦਾਸ ਕਰਦਾ ਹੈ ਕਿ ਕਦੇ ਵੀ ਅਜਿਹੀ ਨੌਬਤ ਨਾ ਆਵੇ ਕਿਉਂਕਿ ਪਤਿਤ ਹੋ ਕੇ ਦੁਬਾਰਾ ਅੰਮ੍ਰਿਤ ਛੱਕਣਾ ਭਾਂਡੇ ਨੂੰ ਟਾਂਕਾ ਲਾਉਣ ਸਮਾਨ ਹੈ।

## ਨਿਤਨੇਮ - ਨਾਮ ਬਾਣੀ ਦਾ ਅਭਿਆਸ

ਕੁਦਰਤ ਨੇ ਅੱਧੀ ਰਾਤ (੧੨ ਵਜੇ) ਤੋਂ ਲੈ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਤੱਕ ਇੱਕ ਅਨੋਖਾ ਸਮਾਂ ਬਖਸ਼ਿਆ ਹੈ ਜਿਸ ਵਿੱਚ ਇਨਸਾਨ ਦੁਨੀਆ ਦੇ ਰੌਲੇ-ਰਪੇ ਤੋਂ ਮੁਕਤ ਹੋ ਕੇ ਭਗਤੀ ਵਿੱਚ ਲੀਨ ਹੋ ਸਕਦਾ ਹੈ। ਗੁਰਸਿੱਖ ਸਵਾ ਪਹਿਰ ਰਾਤ ਰਹਿੰਦਿਆਂ ਅੰਮ੍ਰਿਤ ਵੇਲੇ ਉੱਠਦੇ ਹਨ ਅਤੇ ਉੱਠਦੇ ਸਾਰ ਵਾਹਿਗੁਰੂ ਗੁਰਮੰਤ੍ਰ ਦਾ ਸੁਆਸਾਂ ਨਾਲ ਜਾਪ (ਅਭਿਆਸ) ਕਰਨਾ ਸ਼ੁਰੂ ਕਰ ਦਿੰਦੇ ਹਨ। ਗੁਰਸਿੱਖ ਨਾਮ ਜਪਦੇ ਜਪਦੇ ਉੱਦਮ ਕਰਦੇ ਬਿਸਤਰੇ ਤੋਂ ਉੱਠਦੇ ਹਨ, ਮੈਦਾਨ ਖੇੜਣ ਜਾਂਦੇ (use the toilet), ਅਤੇ ਦਾਤਣ/ਬੁਰਸ਼ ਕਰਨ ਉਪਰੰਤ ਨਾਮ ਜਪਦੇ ਜਪਦੇ ਕੇਸੀਂ ਇਸ਼ਨਾਨ ਕਰਦੇ ਹਨ। ਇਸ਼ਨਾਨ ਕਰਨ ਉਪਰੰਤ, ਗੁਰਸਿੱਖ ਬੈਠ ਕੇ ਘੱਟ ਤੋਂ ਘੱਟ ਅੱਧਾ ਨਿਤਨੇਮ ਦਾ ਸਮਾਂ ਗੁਰਮੰਤ੍ਰ ਦਾ ਸੁਆਸਾਂ ਨਾਲ ਜਾਪ (ਅਭਿਆਸ) ਕਰਦੇ ਹਨ ਜਿਸ ਤਰਾਂ ਪੰਜ ਪਿਆਰਿਆਂ ਨੇ ਜੁਗਤੀ ਦੱਸੀ ਹੁੰਦੀ ਹੈ ਅਤੇ ਦੂਜਾ ਹਿੱਸਾ ਨਿਤਨੇਮ ਬਾਣੀਆਂ ਦਾ ਅਭਿਆਸ ਵਿੱਚ ਲਾਉਂਦੇ ਹਨ। ਇਸ ਬਰਕਤ ਨਾਲ ਉਨ੍ਹਾਂ ਗੁਰਸਿੱਖਾਂ ਦੇ ਜਨਮਾਂ ਜਨਮਾਂ ਦੇ ਪਾਪ-ਵਿਕਾਰ ਨਾਸ ਹੁੰਦੇ ਹਨ। ਦਿਨ ਚੜ੍ਹਨ ਵੇਲੇ, ਗੁਰਸਿੱਖ ਮੂਲ ਮੰਤ੍ਰ ਦੇ ਜਾਪ ਕਰਦੇ ਹਨ (ਘੱਟ ਤੋਂ ਘੱਟ

ਪੰਜ ਜਾਪ ਕਰਦੇ ਹਨ) ਅਤੇ ਫਿਰ ਪੰਜ ਬਾਣੀਆਂ ਦਾ ਨਿੱਤਨੇਮ (੧. ਜਪੁ ਜੀ ਸਾਹਿਬ, ੨. ਜਾਪੁ ਸਾਹਿਬ, ੩. ਤ੍ਵ ਪ੍ਰਸਾਦਿ ਸਵੱਯੇ, ੪. ਬੇਨਤੀ ਚੌਪਈ, ੫. ਅਨੰਦੁ ਸਾਹਿਬ (ਸੰਪੂਰਨ ੪੦ ਪਉੜੀਆਂ)) ਕਰਦੇ ਹਨ। ਨਿੱਤਨੇਮ ਤੋਂ ਉਪਰੰਤ ਗੁਰਸਿੱਖ ਖੜ੍ਹੇ ਹੋ ਕੇ ਅਰਦਾਸ ਕਰਦੇ ਹਨ। ਪੰਜ ਬਾਣੀਆਂ ਦਾ ਨਿੱਤਨੇਮ ਕੀਤੇ ਬਿਨਾਂ ਗੁਰਸਿੱਖ ਕੋਈ ਭੋਜਨ ਨਹੀਂ ਛੱਕਦੇ, ਪਰ ਲੋੜ ਅਨੁਸਾਰ ਜਲ ਛੱਕ ਲੈਂਦੇ ਹਨ।

ਦਿਨ ਵੇਲੇ ਗੁਰਸਿੱਖ ਬਹਿੰਦੇ-ਉਠਦੇ ਵਾਹਿਗੁਰੂ ਦਾ ਧਿਆਨ ਆਪਣੇ ਹਿਰਦੇ ਵਿੱਚ ਧਰਦੇ ਹਨ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰਸਿੱਖ ਖੜੇ ਹੋ ਕੇ ਅਰਦਾਸ ਕਰਦੇ ਹਨ। ਸੌਣ ਵੇਲੇ ਗੁਰਸਿੱਖ ਆਪਣੇ ਆਸਣ ਤੇ ਚੌਂਕੜਾ ਮਾਰ ਕੇ ਸੁਚੇਤ ਹੋ ਕੇ ਸੋਹਿਲਾ ਸਾਹਿਬ ਦਾ ਪਾਠ ਪੜ੍ਹਦੇ ਹਨ ਅਤੇ ਨਾਮ ਜਪਦਿਆਂ ਜਪਦਿਆਂ ਸੌਂ ਜਾਂਦੇ ਹਨ। ਗੁਰਸਿੱਖ ਨਿਤਨੇਮ ਲਈ ਸਮੇਂ ਦਾ ਦਸਵੰਧ ਕਢਦੇ ਹਨ। ਰਹਿਤਵਾਨ ਗੁਰਸਿੱਖ ਸਵੇਰੇ ਬਿਨਾਂ ਨਾਮ ਅਭਿਆਸ ਤੋਂ ਇਕੱਲੇ ਬਾਣੀ ਦਾ ਪਾਠ ਕਰਨਾ ਅੱਧਾ ਨਿਤਨੇਮ ਮੰਨਦੇ ਹਨ। ਗੁਰਸਿੱਖ ਹਰ ਦਮ ਵਹਿਗੁਰੂ ਨੂੰ ਯਾਦ ਰੱਖਦੇ ਹਨ ਅਤੇ ਦੱਸੀ ਹੋਈ ਜੁਗਤ ਮੁਤਾਬਿਕ ਵਾਹਿਗੁਰੂ ਨੂੰ ਸੁਆਸਾਂ ਨਾਲ ਸਿਮਰਦੇ ਹਨ। ਇਸ ਤਰ੍ਹਾਂ ਕਰਨ ਵਾਲੇ ਗੁਰਸਿੱਖ ਸਤਿਗੁਰੂ ਜੀ ਨੂੰ ਬਹੁਤ ਪਿਆਰੇ ਲੱਗਦੇ ਹਨ। ਗੁਰਸਿੱਖ ਹਮੇਸ਼ਾ ਆਪਣੇ ਆਪ ਨੂੰ ਵੱਡਿਆਂ ਭਾਗਾਂ ਵਾਲਾ ਸਮਝਦਾ ਹੈ ਕਿਉਂਕਿ ਸਤਿਗੁਰੂ ਜੀ ਦਿਆਲ ਹੋ ਕੇ ਗੁਰਸਿੱਖ ਨੂੰ ਅੰਮ੍ਰਿਤ ਅਤੇ ਨਾਮ ਸਿਮਰਨ ਦੀ ਦਾਤ ਬਖਸ਼ਦੇ ਹਨ। ਗੁਰਸਿੱਖ ਆਪ ਅੰਮ੍ਰਿਤ ਛੱਕ ਕੇ ਗੁਰਸਿੱਖੀ ਕਮਾਉਂਦੇ ਹਨ ਅਤੇ ਹੋਰਨਾਂ ਨੂੰ ਆਪਣੇ ਜੀਵਨ ਦੀ ਮਿਸਾਲ ਨਾਲ ਅੰਮ੍ਰਿਤ ਛੱਕਣ ਲਈ ਪ੍ਰੇਰਦੇ ਹਨ। ਗੁਰਬਾਣੀ ਅਨੁਸਾਰ ਗੁਰੂ ਸਾਹਿਬ ਇਸ ਤਰ੍ਹਾਂ ਦੇ ਪਿਆਰੇ ਗੁਰਸਿੱਖਾਂ ਤੋਂ ਵਾਰੇ ਜਾਂਦੇ ਹਨ ਅਤੇ ਉਨ੍ਹਾਂ ਦੀ ਚਰਨਾਂ ਦੀ ਧੂੜ ਮੰਗਦੇ ਹਨ।

## ਗੁਰਮਤਿ ਰਹਿਣੀ

ਅੰਮ੍ਰਿਤ ਛਕ ਕੇ ਗੁਰਸਿੱਖ ਖ਼ਾਲਸਾ ਪੰਥ ਵਿੱਚ ਸ਼ਾਮਲ ਹੰਦਾ ਹੈ ਅਤੇ ਆਪਣਾ ਸੀਸ ਗੁਰੂ ਦੀ ਅਮਾਨਤ ਬਣਾ ਦਿੰਦਾ ਹੈ। ਖ਼ਾਲਸਾ ਪੰਥ ਨੂੰ ਜਦੋਂ ਵੀ ਜਰੂਰਤ ਪਈ ਤਾਂ ਗੁਰਸਿੱਖ ਇਸ ਸੀਸ ਨੂੰ ਵਾਰਨ ਲਈ ਤੱਤਪਰ ਰਹਿੰਦਾ ਹੈ।

**"ਪੂਜਾ ਅਕਾਲ ਕੀ । ਪਰਚਾ ਸ਼ਬਦ ਕਾ । ਦੀਦਾਰ ਖ਼ਾਲਸੇ ਕਾ ।"**

ਗੁਰਸਿੱਖ ਕਿਸੇ ਵੀ ਪ੍ਰਕਾਰ ਦੀ ਮੂਰਤੀ ਪੂਜਾ ਨਹੀ ਕਰਦੇ। ਗੁਰੂ ਸਾਹਿਬ ਦੀ ਅਸਲੀ ਤਸਵੀਰ ਗੁਰੂ ਦੀ ਬਾਣੀ ਹੀ ਹੈ। ਗੁਰਸਿੱਖ ਗੁਰੂ ਸਾਹਿਬ ਦੀਆਂ ਮਨਘੜਤ ਅਤੇ ਝੂਠੀਆਂ ਤਸਵੀਰਾਂ/ਫੋਟੋਆਂ ਦੀ ਪੂਜਾ ਨਹੀਂ ਕਰਦੇ ਅਤੇ ਨਾ ਹੀ ਘਰ ਵਿੱਚ ਰੱਖਦੇ ਹਨ। ਗੁਰਸਿੱਖ ਰੱਖੜੀ ਜਾਂ ਹੋਰ ਕੋਈ ਵੀ ਧਾਗਾ/ਤਵੀਤ ਨਹੀਂ ਬੰਨਦੇ, ਹਵਨ ਨਹੀਂ ਕਰਾਉਂਦੇ, ਲੋਹੜੀ ਆਦਿ ਅਨਮਤੀ ਤਿਉਹਾਰ ਨਹੀਂ ਮਨਾਉਂਦੇ ਅਤੇ ਵਰਤ ਨਹੀਂ ਰਖਦੇ।

**ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥**

(ਰਾਗ ਗਉੜੀ ਮ:੪, ਅੰਗ ੩੧੭)

ਉਪਰੋਕਤ ਗੁਰਵਾਕ ਅਨੁਸਾਰ ਜਦੋਂ ਗੁਰਸਿੱਖ ਦੇ ਇਲਾਕੇ ਵਿੱਚ ਜਾਂ ਘਰ ਗੁਰੂ ਦਾ ਸਿੱਖ ਆਉਂਦਾ ਹੈ ਤਾਂ ਗੁਰਸਿੱਖ ਨੂੰ ਬਹੁਤ ਖੁਸ਼ੀ ਹੁੰਦੀ ਹੈ। ਆਪਣਾ ਫਰਜ਼ ਪਛਾਣਕੇ ਗੁਰਸਿੱਖ ਆਏ ਹੋਏ ਗੁਰੂ ਦੇ ਸਿੱਖਾਂ ਦੀ ਟਹਲ-ਸੇਵਾ ਗੁਰੂ ਦੀ ਸੇਵਾ ਸਮਝਕੇ ਪਿਆਰ ਨਾਲ ਕਰਦੇ ਹਨ।

ਗੁਰਸਿੱਖ ਹਰ ਰੋਜ਼ ਦੋ ਵਾਰ (ਸਵੇਰੇ ਸ਼ਾਮ) ਕੇਸਾਂ ਵਿੱਚ ਕੰਘਾ ਕਰਦੇ ਹਨ। ਜੂੜਾ ਦਸਮ ਦੁਆਰ ਉੱਪਰ ਬੰਨ੍ਹਦੇ ਹਨ। ਕੰਘਾ ਕਰਨ ਸਮੇਂ ਜੋ ਕੇਸ ਝੜਨ ਉਨ੍ਹਾਂ ਨੂੰ ਪੈਰਾਂ ਵਿੱਚ ਨਹੀਂ ਸੁੱਟਦੇ। ਕੇਸ ਗੁਰੂ ਕੀ ਮੋਹਰ ਹੋਣ ਕਾਰਨ ਗੁਰਸਿੱਖ ਝੜੇ ਹੋਏ ਕੇਸਾਂ ਨੂੰ ਸੰਭਾਲ ਕੇ ਅਗਨ ਭੇਟ ਕਰਦੇ ਹਨ। ਕਿਸੇ ਕਿਸਮ ਦਾ ਕੰਮ-ਕ੍ਰਿਆ ਕਰਨ ਵੇਲੇ ਜਾਂ ਲੰਮੇ ਪੈਣ ਵੇਲੇ ਨੰਗੇ ਸਿਰ ਨਹੀਂ ਰਹਿੰਦੇ। ਗੁਰਸਿੱਖ ਖੁਲ੍ਹੇ ਕੇਸੀਂ ਭੋਜਨ ਨਹੀਂ ਛੱਕਦੇ। ਦਸਤਾਰ ਚੁਣ-ਚੁਣ ਕੇ ਸਜਾਉਂਦੇ ਹਨ, ਨਾਹੀ ਟੋਪੀ ਵਾਂਗ ਸਿਰ ਤੇ ਰੱਖਦੇ ਤੇ ਲਾਹੁੰਦੇ ਹਨ।

ਗੁਰਸਿੱਖ ਧਰਮ ਦੀ ਕਿਰਤ ਕਮਾਈ ਕਰਦੇ ਹਨ ਅਤੇ ਵੰਡ ਕੇ ਛੱਕਦੇ ਹਨ। ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਗੁਰੂ ਦੇ ਲੇਖੇ ਲਾਉਂਦੇ ਹਨ। ਦਸਵੰਧ ਵਿੱਚੋਂ ਕਿਸੇ ਸਿੱਖ, ਜੋ ਗਰੀਬ ਜਾਂ ਲੋੜਵੰਦ ਹੋਵੇ, ਦੀ ਮਦਦ ਜਾਂ ਕਿਸੇ ਪੰਥਕ ਸੇਵਾ ਲਈ ਵਰਤਦੇ ਹਨ। ਗੁਰਸਿੱਖ ਹਮੇਸ਼ਾ ਇਮਾਨਦਾਰ ਹੁੰਦੇ ਹਨ ਅਤੇ ਚੋਰੀ ਜਾਂ ਠੱਗੀ ਨਹੀਂ ਕਰਦੇ ਤੇ ਨਾ ਹੀ ਜੂਆ ਖੇਡਦੇ ਹਨ।

ਗੁਰਸਿੱਖ ਅਮਲ ਜਲ ਪ੍ਰਸ਼ਾਦੇ ਦਾ ਹੀ ਰੱਖਦੇ ਹਨ ਅਤੇ ਹੋਰ ਕਿਸੇ ਚੀਜ਼ ਤੇ ਨਿਰਭਰ (dependent) ਨਹੀਂ ਰਹਿੰਦੇ। ਖਾਲਸੇ ਦਾ ਜਨਮ ਸਰਬ-ਲੋਹ ਦੇ ਖੰਡੇ-ਬਾਟੇ ਵਿੱਚੋਂ ਹੋਇਆ ਹੈ ਇਸ ਲਈ ਦਸਮੇਸ਼ ਪਿਤਾ ਵਲੋਂ ਬਖਸ਼ੇ ਹੋਏ ਸਰਬ-ਲੋਹ ਦੇ ਬਰਤਨ ਵਿੱਚ ਲੰਗਰ ਪ੍ਰਸ਼ਾਦ ਤਿਆਰ ਕਰਕੇ ਅਤੇ ਛੱਕ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਕਰਕੇ ਗੁਰਸਿੱਖਾਂ ਦੇ ਘਰਾਂ ਵਿੱਚ ਸਰਬ-ਲੋਹ ਦੇ ਬਰਤਨਾਂ ਦਾ ਪ੍ਰਬੰਧ ਜ਼ਰੂਰ ਹੁੰਦਾ ਹੈ ਅਤੇ ਸਰਬਲੋਹ ਦੇ ਬਰਤਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ।

## ਗੁਰਮੁਖੀ ਪਹਿਰਾਵਾ

ਗੁਰਸਿੱਖ ਸਿੰਘ ਅਤੇ ਸਿੰਘਣੀਆਂ ਨਿਰਾਲਾ ਗੁਰਮੁਖੀ ਲਿਬਾਸ ਪਹਿਣਦੇ ਹਨ। ਭੜਕੀਲੇ ਤੇ ਚਮਕੀਲੇ ਰੰਗਾਂ ਤੋਂ ਗੁਰੇਜ਼ ਕਰਦੇ ਹਨ (ਸੂਹਾ/ਲਾਲ ਰੰਗ ਆਦਿ)। ਗੁਰਸਿੱਖ ਉਹ ਹੀ ਕਪੜੇ ਪਾਉਂਦੇ ਹਨ ਜਿਸ ਨਾਲ ਉਨ੍ਹਾਂ ਦਾ ਅਸਲੀ ਕੰਤ, ਭਾਵ ਵਾਹਿਗੁਰੂ, ਖੁਸ਼ ਹੋ ਜਾਣ। ਗੁਰਸਿੱਖ ਆਪਣੀ ਦਸਤਾਰ ਨੂੰ ਨਿਸ਼ਾਨ ਸਾਹਿਬ ਤੁਲ ਮੰਨਦੇ ਹਨ ਅਤੇ ਇਸ ਕਰਕੇ ਦਸਤਾਰ ਨੂੰ ਸਜਾਉਣਾ (ਬੰਨ੍ਹਣਾ) ਬਹੁਤ ਵੱਡੀ ਜ਼ਿੰਮੇਵਾਰੀ ਸਮਝਦੇ ਹਨ। ਪੁਰਾਤਨ ਰਹਿਤਨਾਮਿਆਂ ਵਿੱਚ ਨੀਲੇ ਰੰਗ ਦੀ ਕੇਸਕੀ (ਭਾਵ ਕਕਾਰ ਵਜੋਂ ਛੋਟੀ ਦਸਤਾਰ) ਨੂੰ ਤਰਜੀਹ ਦਿੱਤੀ ਗਈ ਹੈ। ਰਹਿਤਵਾਨ

ਗੁਰਸਿੱਖ ਨੀਲੀ, ਬਸੰਤੀ, ਚਿੱਟੀ ਜਾਂ ਕਾਲੀ ਦਸਤਾਰ ਬੰਨਦੇ ਹਨ ਅਤੇ ਆਪਣੇ ਆਪ ਨੂੰ ਗੁਰੂ ਸਰੂਪ ਵਿੱਚ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕਰਦੇ ਹਨ। ਅੰਮ੍ਰਿਤਧਾਰੀ ਸਿੰਘ ਆਪਣਾ ਦਾੜ੍ਹਾ ਖੋਲ ਕੇ ਰੱਖਦੇ ਹਨ। ਗੁਰਸਿੱਖ ਕੋਕੇ, ਕਾਂਟੇ, ਮੁੰਦ੍ਰੀਆਂ, ਚੇਨੀਆਂ, ਵੰਗਾਂ, ਨਹੁੰ ਪਾਲਸ਼, ਸੋਨੇ ਦੇ ਗਹਿਣੇ, ਬਿੰਦੀਆਂ, ਨਹੁੰ ਵਧਾਉਣੇ, ਸਾੜ੍ਹੀ ਪਾਉਣੀ, ਕੰਨ ਤੇ ਨੱਕ ਵਿੰਨ੍ਹਣੇ ਆਦਿਕ ਦੁਨਿਆਵੀ ਪਹਿਰਾਵੇ ਤੇ ਸ਼ਿੰਗਾਰ ਨਹੀਂ ਕਰਦੇ। ਗੁਰਸਿੱਖ ਨਾਮ-ਬੰਦਗੀ ਅਤੇ ਪੰਜ ਕਕਾਰਾਂ ਨੂੰ ਹੀ ਆਪਣੇ ਅਸਲੀ ਗਹਿਣੇ ਮੰਨਦੇ ਹਨ।

## ਸਾਂਝ

ਗੁਰਸਿੱਖ ਆਪਸ ਵਿੱਚ ਮਿਲਣ ਸਮੇਂ ਪਿਆਰ ਨਾਲ ਫਤਹਿ ਦੀ ਸਾਂਝ ਕਰਦੇ ਹਨ। ਗੁਰੂ ਦਾ ਹੁਕਮ ਹੈ ਕਿ ਖ਼ਾਲਸੇ ਨੂੰ ਗੁਰੂ ਦਾ ਰੂਪ ਸਮਝਣਾ। ਗੁਰਸਿੱਖ ਹੋਰ ਗੁਰਸਿਖਾਂ ਦੇ ਨਾਮ ਦੇ ਨਾਲ 'ਸਿੰਘ'/'ਕੌਰ' ਕਹਿ ਕੇ ਪੂਰਾ ਨਾਮ ਲੈ ਕੇ ਸਤਿਕਾਰ ਦਿੰਦੇ ਹਨ। ਗੁਰਸਿੱਖ ਗੁਰੂ ਸਾਹਿਬ ਨਾਲ ਇਤਨਾ ਪ੍ਰੇਮ ਕਰਦੇ ਹਨ ਕਿ ਕਿਸੇ ਸਾਧ ਸੰਤ ਆਦਿ ਨੂੰ ਮੱਥਾ ਟੇਕਣਾ ਜਾਂ ਕਿਸੇ ਪਖੰਡੀ ਸਾਧ ਜਾਂ ਪੰਥ ਵਿਰੋਧੀ ਦੇ ਡੇਰੇ (ਅਸਥਾਨ) ਤੇ ਜਾਣਾ ਉਹਨਾਂ ਦੇ ਫੁਰਨੇ ਵਿੱਚ ਵੀ ਨਹੀਂ ਆਉਂਦਾ।

**ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥**

(ਰਾਗੁ ਗਉੜੀ ਮ:੪, ਅੰਗ ੩੧੬)

ਗੁਰਸਿੱਖ ਮਾੜੀ ਸੰਗਤ ਅਤੇ ਸੋਚ ਤੋਂ ਬਚਣ ਦਾ ਯਤਨ ਕਰਦੇ ਹਨ ਅਤੇ ਗੁਰੂ ਨਾਲ ਪ੍ਰੇਮ ਕਰਨ ਵਾਲਿਆਂ ਨਾਲ ਨੇੜਤਾ ਰੱਖਣ ਲਈ ਉਪਰਾਲੇ ਕਰਦੇ ਹਨ। ਇਸ ਹੀ ਕਰਕੇ ਗੁਰੂ ਦੇ ਪਿਆਰੇ "ਗੁਰਸਿੱਖਾਂ ਦੀ ਰੋਟੀ-ਬੇਟੀ ਦੀ ਸਾਂਝ ਗੁਰਸਿੱਖਾਂ ਨਾਲ" ਗੁਰੂ ਦਾ ਹੁਕਮ ਮੰਨਦੇ ਹਨ। 'ਰੋਟੀ' ਤੋਂ ਭਾਵ, ਸਿਰਫ ਭੈ-ਭਾਵਨੀ ਵਾਲੇ ਗੁਰਸਿੱਖਾਂ ਦੇ ਹੱਥੀਂ ਖਾਣਾ-ਪੀਣਾ ਹੈ। 'ਬੇਟੀ' ਤੋਂ ਭਾਵ, ਗੁਰਸਿੱਖ ਆਪਣੇ ਬੱਚਿਆਂ ਦੇ ਰਿਸ਼ਤੇ ਨੇਮੀ-ਪ੍ਰੇਮੀ ਗੁਰਸਿੱਖਾਂ ਨਾਲ ਹੀ ਕਰਦੇ ਹਨ।

## ਅੰਮ੍ਰਿਤਧਾਰੀ ਗੁਰਸਿੱਖਾਂ ਨਾਲ ਖਾਣ-ਪੀਣ ਦੀ ਸਾਂਝ

**ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥**
**ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ ॥੯੯॥**

(ਸਲੋਕ ਸ੍ਰੀ ਕਬੀਰ ਜੀਉ ਕੇ, ਅੰਗ ੧੩੬੯)

**ਅਰਥ:-** ਕਬੀਰ ਜੀ ਆਖਦੇ ਹਨ ਕਿ ਮੈਂ ਗੁਰਮੁੱਖਾਂ ਦੀ ਸੰਗਤਿ ਵਿੱਚ ਟਿਕਿਆ ਰਹਾਂ, ਭਾਵੇਂ ਮੈਨੂੰ ਜਵਾਂ ਦੀ ਰੋਟੀ ਖਾਣੀ ਪਵੇ (ਭਾਵ ਗ਼ਰੀਬਾਂ ਦਾ ਖਾਣਾ ਛਕਣਾ ਪਵੇ)। ਜੋ ਹੋਣਾ ਹੈ ਉਹ ਹੋ ਕੇ ਰਹਿਣਾ ਹੈ ਭਾਵ ਕੋਈ ਕਸ਼ਟ ਪਿਆ ਆਵੇ ਪਰ ਮੈਂ ਸਾਕਤ (ਰੱਬ ਤੋਂ ਵੇਮੁਖ) ਨਾਲ ਸਾਂਝ ਨਹੀਂ ਰੱਖਾਂਗਾ ।੯੯।

ਰਹਿਤ ਰੱਖਣੀ ਗੁਰਸਿੱਖੀ ਦੀ ਵਾੜ ਹੈ। ਅੰਮ੍ਰਿਤ ਛਕਣ ਤੋਂ ਪਹਿਲਾਂ ਅਤੇ ਬਾਅਦ ਵਿਚ ਰਹਿਤ

ਰੱਖਣੀ ਜ਼ਰੂਰੀ ਹੈ। ਜੇਕਰ ਘਰ ਦੇ ਦੁਆਲੇ ਵਾੜ ਨਾ ਹੋਵੇ ਤਾਂ ਦੋ ਚੀਜ਼ਾਂ ਹੋ ਸਕਦੀਆਂ ਹਨ: ਜੇਕਰ ਘਰ ਦੇ ਅੰਦਰ ਕੋਈ ਕੀਮਤੀ ਚੀਜ਼ ਹੈ ਤਾਂ ਚੋਰ ਚੋਰੀ ਕਰ ਸਕਦੇ ਹਨ, ਅਤੇ ਜੇਕਰ ਘਰ ਵਿੱਚ ਕੁਝ ਵੀ ਨਹੀਂ ਹੈ, ਤਾਂ ਫਿਰ ਵੀ ਨੁਕਸਾਨ ਹੋ ਸਕਦਾ ਹੈ ਕਿਉਂਕਿ ਚੋਰ ਘਰ ’ਤੇ ਕਾਬਜ਼ ਹੋ ਸਕਦੇ ਹਨ। ਇਸੇ ਤਰ੍ਹਾਂ, ਖਾਣ ਪੀਣ ਦੀ ਰਹਿਤ ਸਭ ਤੋਂ ਪਹਿਲਾਂ ਸਾਡੀ ਸੋਚ ਕਿਸੇ ਦੇ ਕਬਜੇ ਵਿੱਚ ਆਉਣ ਤੋਂ ਬਚਾਉਂਦੀ ਹੈ। ਦੂਜਾ, ਅਸੀਂ ਕੀਤੇ ਨਾਮ ਅਤੇ ਬਾਣੀ ਦੀ ਕਮਾਈ (ਭਗਤੀ) ਗੁਆਉਣ ਤੋਂ ਬਚਦੇ ਹਾਂ। ਕੁਝ ਲੋਕ ਇਹ ਸੋਚ ਕੇ ਪੂਰੀ ਰਹਿਤ ਨਾ ਰੱਖਣ ਦੀ ਗਲਤੀ ਕਰਦੇ ਹਨ ਕਿ ਉਨ੍ਹਾਂ ਵਿੱਚ ਨਾਮ ਅਤੇ ਬਾਣੀ ਦੀ ਕਮਾਈ (ਭਗਤੀ) ਅਜੇ ਘੱਟ ਹੈ, ਪਰ ਖਾਣ ਪੀਣ ਦੀ ਰਹਿਤ ਵਿੱਚ ਢਿੱਲ ਨਾਲ ਉਨ੍ਹਾਂ ਦਾ ਹੋਰ ਨੁਕਸਾਨ ਹੋ ਜਾਂਦਾ ਹੈ ਜਦੋਂ ਮਨਮੁਖ ਲੋਕ ਉਨ੍ਹਾਂ ਦੀ ਸੋਚ ’ਤੇ ਕਬਜਾ ਕਰ ਲੈਂਦੇ ਹਨ ਅਤੇ ਗੁਰੂ ਸਾਹਿਬ ਤੋਂ ਹੋਰ ਦੂਰ ਕਰ ਦਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ:-

**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥੨॥**

(ਰਾਗੁ ਬਿਲਾਵਲ ਮ:੫, ਅੰਗ ੮੧੧)

**ਅਰਥ**:- ਗੁਰਮੁੱਖਾਂ ਦੇ ਘਰ ਦੀ ਰੁੱਖੀ ਰੋਟੀ ਜੇ ਮਿਲੇ ਤਾਂ ਉਸ ਨੂੰ ਦੁਨੀਆ ਦੇ ਸਾਰੇ ਖਜ਼ਾਨੇ ਸਮਝ ਅਤੇ ਛਕ। ਪਰ ਸਾਕਤ (ਬੇਮੁਖ) ਦੇ ਘਰ ਵਿੱਚ ਜੇ ਕਈ ਕਿਸਮਾਂ ਦੇ ਭੋਜਨ ਮਿਲਣ, ਤਾਂ ਉਹ ਜ਼ਹਿਰ ਵਰਗੇ ਜਾਣ ।੨।

ਗੁਰਸਿੱਖ ਸਿਰਫ ਸਾਫ-ਸੁਥਰਾ ਸੁੱਚਾ ਭੋਜਨ ਛਕਦੇ ਹਨ ਜੋ ਕਿ ਸਾਫ ਸੋਚ (ਭਾਵ ਗੁਰਮਤਿ) ਅਤੇ ਉੱਚਾ-ਸੁੱਚਾ ਜੀਵਨ ਰੱਖਣ ਵਾਲਿਆਂ ਨੇ ਤਿਆਰ ਕੀਤਾ ਹੈ। ਇਸ ਦੇ ਨਾਲ ਗੁਰਸਿੱਖ ਕਈ ਬੀਮਾਰੀਆਂ ਤੋਂ ਬਚਦੇ ਹਨ ਅਤੇ ਉਨ੍ਹਾਂ ਦਾ ਮਨ ਭੋਜਨ ਛਕਣ ਵੇਲੇ ਸਕੂਨ ਅਤੇ ਅਨੰਦ ਨਾਲ ਭਰ ਜਾਂਦਾ ਹੈ। ਗੁਰਸਿੱਖ ਹਮੇਸ਼ਾ ਫੱਲ ਸੁੱਚੇ ਜਲ ਨਾਲ ਧੋ ਕੇ ਛਕਦੇ ਹਨ ਕਿਉਂਕਿ ਆਮ ਤੌਰ ਤੇ ਫੱਲ ਨੂੰ ਤਮਾਕੂ ਪੀਣ ਵਾਲਿਆਂ ਦੇ ਹੱਥ ਲੱਗੇ ਹੁੰਦੇ ਹਨ।

ਇਸੇ ਪ੍ਰਕਾਰ ਗੁਰਸਿੱਖ ਬਾਹਰ ਹੋਟਲਾਂ/ਰੈਸਟੋਰੈਂਟਾਂ ਵਿੱਚ ਖਾਣਾ ਖਾਣ ਦੀ ਬਜਾਏ ਆਪਣੇ ਪ੍ਰਸ਼ਾਦੇ ਦਾ ਪ੍ਰਬੰਧ ਆਪ ਹੀ ਕਰਦੇ ਹਨ ਜਾਂ ਅੰਮ੍ਰਿਤਧਾਰੀ ਗੁਰਸਿੱਖਾਂ ਦੇ ਘਰੋਂ ਹੀ ਪ੍ਰਸ਼ਾਦਾ ਛੱਕਦੇ ਹਨ। ਇਸ ਨਾਲ ਇਕ ਤਾਂ ਸਾਫ ਸੁਥਰਾ ਭੋਜਨ ਸਰੀਰ ਨੂੰ ਮਿਲਦਾ ਹੈ, ਦੂਜਾ ਗੁਰੂ ਸਾਹਿਬ ਨਾਲ ਪ੍ਰੇਮ ਰੱਖਣ ਵਾਲੇ ਗੁਰਸਿੱਖਾਂ ਹੱਥੋਂ ਛੱਕ ਕੇ ਮਨ ਵਿੱਚ ਗੁਰੂ ਸਾਹਿਬ ਪ੍ਰਤੀ ਪ੍ਰੇਮ ਹੋਰ ਵੱਧਦਾ ਹੈ। ਗੁਰੂ ਸਾਹਿਬ ਦੁਆਰਾ ਚਲਾਈ ਪ੍ਰਥਾ ਅਨੁਸਾਰ ਦੇਗ ਅਤੇ ਗੁਰੂ ਕਾ ਲੰਗਰ ਗੁਰੂ ਕੇ ਤਿਆਰ-ਬਰ-ਤਿਆਰ (ਪੰਜ ਕਕਾਰੀ ਅਤੇ ਨਿਤਨੇਮੀ ਆਦਿ) ਅੰਮ੍ਰਿਤਧਾਰੀ ਗੁਰਸਿੱਖ ਤਿਆਰ ਕਰਦੇ ਹਨ ਅਤੇ ਐਸਾ ਲੰਗਰ ਅਤੇ ਦੇਗ ਹੀ ਗੁਰੂ ਸਾਹਿਬ ਕੋਲ ਪਰਵਾਨ ਹੁੰਦਾ ਹੈ। ਇਹੋ ਲੰਗਰ ਹੀ ਫਿਰ ਬੜੇ ਪ੍ਰੇਮ, ਸੁੱਚਮਤਾ (hygiene) ਅਤੇ ਸਫਾਈ ਨਾਲ ਅੰਮ੍ਰਿਤਧਾਰੀ ਗੁਰਸਿੱਖਾਂ ਦੁਆਰਾ ਸੰਗਤ ਵਿੱਚ ਵਰਤਾਇਆ ਜਾਂਦਾ ਹੈ। ਕੁਝ ਗੁਰਦੁਆਰਿਆਂ ਅਤੇ ਸਮਾਗਮਾਂ ਵਿੱਚ ਅਜੇ ਵੀ ਇਹ ਦੇਖਣ ਨੂੰ ਮਿਲਦਾ ਹੈ। ਪਰ ਅਫਸੋਸ ਹੈ ਕਿ ਅੱਜ ਬਹੁਤਾਂਤ ਗੁਰਦੁਆਰਿਆਂ ਦੇ ਵਿੱਚ ਅਗਿਆਨਤਾ

ਅਤੇ ਢਿੱਲਾਂ ਕਾਰਣ ਇਸ ਤੇ ਪਹਿਰਾ ਨਹੀਂ ਦਿੱਤਾ ਜਾਂਦਾ। ਇਨ੍ਹਾਂ ਢਿੱਲਾਂ ਵਿੱਚ ਬਣਿਆ ਲੰਗਰ ਰਹਿਤ ਨਾਲ ਪਿਆਰ ਕਰਨ ਵਾਲੇ ਗੁਰਸਿੱਖਾਂ ਦੇ ਛਕਣਯੋਗ ਨਹੀਂ ਹੁੰਦਾ।

**ਅੰਮ੍ਰਿਤਧਾਰੀ ਗੁਰਸਿੱਖਾਂ ਨਾਲ ਵਿਆਹ-ਰਿਸ਼ਤੇ ਦੀ ਸਾਂਝ**

ਰਿਸ਼ਤੇ ਕਰਨ ਵੇਲੇ ਗੁਰਸਿੱਖ ਸੰਸਾਰੀ ਜਾਤ ਬਿਰਾਦਰੀ ਨੂੰ ਪਹਿਲ ਨਹੀਂ ਦਿੰਦੇ ਅਤੇ ਕਿਸੇ ਪੰਡਿਤ ਜਾਂ ਪਖੰਡੀ ਸਾਧ ਕੋਲ ਜਨਮ-ਪੱਤਰੀ ਵਾਚਣ ਅਤੇ ਵਿਆਹ ਦੀਆਂ ਤਰੀਕਾਂ ਪੁੱਛਣ ਨਹੀਂ ਜਾਂਦੇ। ਰਿਸ਼ਤਾ ਲਭਣ ਵੇਲੇ ਗੁਰੂ ਦੀ ਰਹਿਤ ਨਾਲ ਪਿਆਰ ਕਰਨ ਵਾਲੇ ਗੁਰਸਿੱਖ ਲੜਕੇ ਲੜਕੀਆਂ ਖਿਆਲ ਰਖਦੇ ਹਨ ਕਿ ਰਿਸ਼ਤਾ ਅੰਮ੍ਰਿਤਧਾਰੀ ਹੋਵੇ, ਦਸਤਾਰਧਾਰੀ ਹੋਵੇ, ਅਤੇ ਸ਼ੁਭ ਗੁਣ ਵਾਲਾ ਹੋਵੇ।

ਭੈ-ਭਾਵਨੀ ਵਾਲੇ ਗੁਰਸਿੱਖਾਂ ਦੇ ਬੱਚਿਆਂ ਦੇ ਵਿਆਹ ਸਾਦੇ ਢੰਗ ਨਾਲ ਅਤੇ ਗੁਰਮਤਿ ਅਨੁਸਾਰ ਹੁੰਦੇ ਹਨ। ਆਨੰਦ ਕਾਰਜ ਤੋਂ ਪਹਿਲਾਂ, ਲੜਕਾ ਅਤੇ ਲੜਕੀ ਲਈ ਇੱਕ ਦੂਜੇ ਦਾ ਹੱਥ ਫੜਨਾ, ਇੱਕ ਦੂਜੇ ਨੂੰ ਗਲੇ ਲਗਾਉਣਾ, ਇੱਕ ਦੂਜੇ ਨੂੰ ਛੁਹਣਾ (touch ਕਰਨਾ), ਅਤੇ ਵਿਆਹ ਤੋਂ ਪਹਿਲਾਂ pre-wedding ਫੋਟੋਸ਼ੂਟ ਕਰਨੀ ਮਨਮੁਖਾਂ ਦੀ ਰੀਤ ਹੈ ਜੋ ਸਮਝਦਾਰ ਗੁਰਸਿੱਖ ਨਹੀਂ ਕਰਦੇ। ਅਨੰਦ ਕਾਰਜ ਤੋਂ ਬਾਅਦ ਵੀ ਗੁਰਸਿੱਖ ਜੋੜਾ (couple) ਖਿਆਲ ਰੱਖਦਾ ਹੈ ਕਿ ਜਨਤਕ (public) ਥਾਂਵਾਂ ’ਤੇ ਵਿਚਰਦਿਆਂ ਵਿੱਚ ਗੁਰਸਿੱਖ ਮਰਯਾਦਾ ਦੀ ਝਲਕ ਹੋਣੀ ਚਾਹੀਦੀ ਹੈ ਅਤੇ ਕਿਸੇ ਪ੍ਰਕਾਰ ਦੀ ਅਸ਼ਲੀਲ (inappropriate) ਪੋਜ਼ ਵਾਲੀ ਫੋਟੋ ਨਹੀਂ ਖਿਚਦੇ।

ਐਸੇ ਪਿਆਰੇ ਗੁਰਸਿੱਖ ਮੈਰਿਜ ਪੈਲਸਾਂ ਵਿੱਚ ਪਾਰਟੀਆਂ ਨਹੀਂ ਕਰਦੇ ਅਤੇ ਨਾ ਹੀ ਜਾਂਦੇ ਹਨ। ਗੁਰਸਿੱਖ ਨਚਣਾ-ਟਪਣਾ, ਮਹਿੰਦੀ ਲਾਉਣੀ, ਸੁਰਮਾ ਲਾਉਣਾ, ਰਿੰਗ (ਮੁੰਦਰੀ) ਦੀ ਰਸਮ, ਦਾਜ ਦਾ ਲੈਣ-ਦੇਣ ਆਦਿ ਅਨਮਤੀ ਰਸਮਾਂ ਆਦਿ ਬਿਲਕੁਲ ਨਹੀਂ ਕਰਦੇ। ਗੁਰਸਿੱਖ ਦੇ ਅਨੰਦ ਕਾਰਜ ਵੇਲੇ ਗੁਰਸਿੱਖ ਲਾਂਗਰੀ ਲੰਗਰ ਤਿਆਰ ਕਰਦੇ ਹਨ ਅਤੇ ਸਾਰੀ ਸੰਗਤ ਲੰਗਰ ਥੱਲੇ ਬਹਿ ਕੇ ਪੰਗਤ ਵਿੱਚ ਛਕ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ।

## ਸੰਗਤ / ਮਿਲ-ਵਰਤਣਾ

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**

(ਸੋ ਪੁਰਖੁ ਮ:੫, ਅੰਗ ੧੨)

ਗੁਰਸਿੱਖ ਸਾਧ ਸੰਗਤ ਕਰਨ ਤੋਂ ਬਿਨਾਂ ਨਹੀਂ ਰਹਿ ਸਕਦੇ। ਗੁਰਸਿੱਖ ਕੀਰਤਨ ਸਮਾਗਮਾਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਭਰਦੇ ਹਨ। ਗੁਰਸਿੱਖ ਨਾਮ ਬਾਣੀ ਵਾਲੇ ਚੰਗੇ ਗੁਰਸਿੱਖਾਂ ਦੀ ਸੰਗਤ

ਲੋਚਦੇ ਹਨ, ਜਿਸ ਨਾਲ ਉਨ੍ਹਾਂ ਦੀ ਚੜ੍ਹਦੀਕਲਾ ਹੋਵੇ। ਗੁਰਬਾਣੀ ਦਾ ਫੁਰਮਾਨ ਹੈ:-

**ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥**

(ਰਾਗੁ ਆਸਾ ਮ:੧, ਅੰਗ ੪੧੪)

**ਅਰਥ:-** ਸ੍ਰੇਸ਼ਟ ਜਨਾਂ (ਭਾਵ ਗੁਰਮੁੱਖਾਂ) ਦੀ ਸੰਗਤ ਕਰਕੇ ਮਨੁੱਖ ਇੱਕ ਉੱਤਮ ਪੁਰਖ ਬਣ ਜਾਂਦਾ ਹੈ। ਉਹ ਆਤਮਕ ਗੁਣਾਂ ਮਗਰ ਦੌੜਦਾ ਹੈ ਤੇ ਆਪਣੀਆਂ ਅਵਗੁਣਾਂ ਦੀ ਮੈਲ ਨੂੰ ਧੋ ਦਿੰਦਾ ਹੈ।

ਗੁਰਸਿੱਖ ਸਾਰਿਆਂ ਦਾ ਸਤਿਕਾਰ ਅਤੇ ਸੇਵਾ ਕਰਦਿਆਂ, ਹਮੇਸ਼ਾ ਖਿਆਲ ਰੱਖਦੇ ਹਨ ਕਿ ਗੁਰਬਾਣੀ, ਰਹਿਤਨਾਮਿਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਅਨੁਸਾਰ ਖ਼ਾਲਸੇ ਦੀਆਂ ਸਪੱਸ਼ਟ ਸੀਮਾਵਾਂ (boundaires) ਹਨ ਕਿ ਉਹ ਕਿਨ੍ਹਾਂ ਨਾਲ ਸੰਗਤ ਅਤੇ ਨੇੜਤਾ ਰੱਖ ਸਕਦੇ ਹਨ। ਗੁਰਸਿੱਖ ਜਾਗਰੂਕ ਹੁੰਦੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਅਨੁਸਾਰ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ ਪੰਥ ਦੋਖੀਆਂ ਜਾਂ ਸਿੱਖੀ ਦੇ ਮੂਲ ਸਿਧਾਂਤ ਤੋੜਣ ਵਾਲਿਆਂ ਨਾਲ ਮਿਲ-ਵਰਤਣ (ਰੋਟੀ-ਬੇਟੀ ਦੀ ਸਾਂਝ, ਭਾਵ ਖਾਣ-ਪੀਣ ਜਾਂ ਰਿਸ਼ਤਾ-ਨਾਤਾ ਦੀ ਸਾਂਝ) ਨਾਲ ਗੁਰਸਿੱਖ ਪੰਥਕ ਤੌਰ ਤੇ ਤਨਖਾਹੀਆ (ਦੋਸ਼ੀ) ਕਰਾਰ ਹੋ ਜਾਂਦਾ ਹੈ। ਤਨਖਾਹੀਆ ਹੋ ਕੇ ਉਹ ਪੰਥਕ ਤੌਰ ਤੇ ਸੇਵਾ (ਲੰਗਰ, ਕੀਰਤਨ, ਕਥਾ ਆਦਿ ਸੇਵਾਵਾਂ) ਕਰਨ ਤੇ ਰੋਕ ਲੱਗ ਜਾਂਦੀ ਹੈ।

ਦੋਸ਼ੀ, ਜਿਨ੍ਹਾਂ ਤੋਂ ਸਾਵਧਾਨ ਰਹਿਣਾ ਹੈ, ਦੀ ਸੂਚੀ ਵਿੱਚ ਇਹ ਹਨ:- (੧) ਮੀਣੇ (ਬਾਬਾ ਪ੍ਰਿਥੀ ਚੰਦ ਨੂੰ ਗੁਰੂ ਮੰਨਣ ਵਾਲੇ), ਮਸੰਦ (ਗੁਰੂ-ਘਰ ਦੀ ਕਾਰ-ਭੇਟਾ ਤੇ ਕਬਜ਼ੇ ਕਰਨ ਵਾਲੇ), (੨) ਧੀਰਮਲੀਏ (ਬਾਬਾ ਧੀਰਮੱਲ ਦੀ ਚਲਾਈ ਗੱਦੀ ਨੂੰ ਗੁਰੂ ਮੰਨਣ ਵਾਲੇ), (੩) ਰਾਮਰਾਈਏ (ਬਾਬਾ ਰਾਮ ਰਾਇ ਨੂੰ ਗੁਰੂ ਮੰਨਣ ਵਾਲੇ), (੪) ਨਰਕਧਾਰੀਏ (੧੯੭੮ ਵਿੱਚ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ), (੫) ਹੋਰ ਕੋਈ ਵੀ ਪੰਥ ਵਿਰੋਧੀ (ਜਿਵੇਂ ਕਿ ਰਾਧਾ ਸੁਆਮੀ, ਦਰਸ਼ਨ ਦਾਸੀਏ, ਝੂਠਾ ਸੌਦਾ ਵਾਲੇ, ਆਦਿ) (੬) ਨੜੀ ਮਾਰ (ਤਮਾਕੂ ਪੀਣ ਵਾਲੇ), (੭) ਕੁੜੀਮਾਰ (ਅਜੋਕੇ ਸਮੇਂ ਵਿੱਚ ਧੀ ਜਾਂ ਪੁੱਤ ਨਾ ਲੈਣ ਦਾ ਫੈਸਲਾ ਕਰਕੇ ਅਬੋਰਸ਼ਨ ਕਰਵਾਉਣ ਵਾਲੇ) ਅਤੇ (੮) ਸਿਰ-ਗੁੰਮ (ਸਿਰ ਮੁੰਨਣ ਵਾਲੇ)। ਗੁਰਸਿੱਖ ਹਮੇਸ਼ਾ ਖਿਆਲ ਰੱਖਦੇ ਹਨ ਕਿ ਇਨ੍ਹਾਂ ਲੋਕਾਂ ਤੇ ਵਿਸਾਹ ਨਹੀਂ ਕਰਨਾ ਅਤੇ ਇਨ੍ਹਾਂ ਦੀ ਕੁਸੰਗਤ ਕਰਨ ਨਾਲ ਮਨ ਕਿਤੇ ਗੁਰੂ-ਘਰ ਤੋਂ ਬੇਮੁੱਖ ਨਾ ਹੋ ਜਾਵੇ। ਪਰ ਜੇ ਇਨ੍ਹਾਂ ਵਿੱਚੋਂ ਕੋਈ ਵੀ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਲਵੇ, ਰਹਿਤ ਰੱਖੇ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨੇ ਤਾਂ ਗੁਰਸਿੱਖ ਉਨ੍ਹਾਂ ਨੂੰ ਆਪਣਾ ਗੁਰ-ਭਾਈ ਸਵੀਕਾਰ ਕਰਦੇ ਹਨ। ਗੁਰਸਿੱਖ ਜੂਠ ਨਹੀਂ ਛਕਦੇ ਅਤੇ ਧਿਆਨ ਵਿੱਚ ਰੱਖਦੇ ਹਨ ਕਿ ਪੰਥਕ ਤੌਰ ਤੇ ਬੇ-ਅੰਮ੍ਰਿਤਧਾਰੀ ਜਾਂ ਪਤਿਤ ਦਾ ਜੂਠ ਖਾਣ ਵਾਲਾ ਤਨਖਾਹੀਆ (ਦੋਸ਼ੀ) ਕਰਾਰ ਹੋ ਜਾਂਦਾ ਹੈ।

**ਜਾਕੀ ਰਹਤਿ ਨ ਜਾਣੀਐ ਗੁਰਮੰਤ੍ਰ ਨਹੀ ਚੀਤ ।**
**ਉਨਕਾ ਭੋਜਨ ਖਾਇਕੈ ਬਿਸਰਹਿ ਹਰਿ ਸਿਉ ਪ੍ਰੀਤ ।**

(ਪ੍ਰਾਚੀਨ ਸੌ ਸਾਖੀ: ਭਾਈ ਸਾਹਿਬ ਸਿੰਘ ਜੀ - ਪੰਨਾ ੫੭) (ਪਦ ਅਰਥ:- ਬਿਸਰਹਿ = ਭੁੱਲ ਜਾਂਦੀ।)

‘**ਏਕੁ ਪਿਤਾ ਏਕਸ ਕੇ ਹਮ ਬਾਰਿਕ**’ ਗੁਰਵਾਕ ਅਨੁਸਾਰ ਇਨਸਾਨੀਅਤ ਤੌਰ ਤੇ ਕਿਸੇ ਵੀ ਇਨਸਾਨ ਨਾਲ ਨਫਰਤ ਨਹੀਂ ਕਰਦੇ ਪਰ ਇਸ ਦੇ ਨਾਲ-ਨਾਲ ਉਹ ਹਮੇਸ਼ਾ ਸੁਚੇਤ ਰਹਿੰਦੇ ਹਨ ਅਤੇ ਗੁਰੂ ਸਾਹਿਬ ਅੱਗੇ ਬੇਨਤੀਆਂ ਕਰਦੇ ਰਹਿੰਦੇ ਹਨ ਕਿ ਮਨਮੁੱਖਾਂ ਦੀ ਸੰਗਤ ਦੇ ਅਸਰ ਤੋਂ ਗੁਰੂ ਸਾਹਿਬ ਆਪ ਤਰਸ ਕਰ ਕੇ ਬਚਾ ਲੈਣ। ਇਸੇ ਕਰਕੇ ਹੀ ਗੁਰਸਿੱਖ ਵੱਧ ਤੋਂ ਵੱਧ ਰਹਿਤਵਾਨ ਗੁਰਸਿੱਖਾਂ ਦੀ ਸੰਗਤ ਲੋਚਦੇ ਹਨ ਅਤੇ ਮਨਮੁੱਖਾਂ ਦੀ ਸੰਗਤ ਕਰਨ ਤੋਂ ਗੁਰੇਜ਼ ਕਰਦੇ ਹਨ।

**ਐਸੇ ਲੋਗਨ ਸਿਉ ਕਿਆ ਕਹੀਐ ॥**
**ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥**

(ਰਾਗੁ ਗਉੜੀ ਸ੍ਰੀ ਕਬੀਰ ਜੀਉ, ਅੰਗ ੩੩੨)

**ਅਰਥ:**- ਇਹੋ ਜਿਹੇ ਲੋਗਾਂ ਨੂੰ ਕੀ ਆਖੀਏ, ਜਿਹੜੇ ਪ੍ਰਭੂ ਦੀ ਭਗਤੀ ਤੋਂ ਸਖਣੇ ਕੀਤੇ ਹੋਏ ਹਨ, ਉਹਨਾਂ ਤੋਂ ਸਦਾ ਪਰੇ ਹਟ ਕੇ ਰਹਿਣਾ ਚਾਹੀਦਾ ਹੈ ।੧।ਰਹਾਉ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ

ਗੁਰਸਿੱਖ ਹਰੇਕ ਕਾਰਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੀ ਅਰਦਾਸ ਕਰਦੇ ਹਨ। ਜਨਮ ਤੋਂ ਮਰਨ ਤੱਕ ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ (ਜੁੜਵੇਂ-ਅਖੱਰ) ਸਰੂਪ ਨੂੰ ਹੀ ਗੁਰਗੱਦੀ ਮਿਲੀ ਹੈ। ਪਰ ਅਫੋਸਸ ਦੀ ਗੱਲ ਹੈ ਕਿ ਅੱਜ ਦੇ ਬਹੁਤਾਂਤ ਗੁਰਦੁਆਰੇ ਸਾਹਿਬ ਜਾਣੇ-ਅਣਜਾਣੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਸਰੂਪ ਦੀ ਥਾਂ ਤੇ ਇਨਸਾਨਾਂ ਵਲੋਂ ੨੦ਵੀਂ ਸਦੀ ਦੌਰਾਨ ਆਪਣੀ ਮੱਤ ਅਨੁਸਾਰ ਖਿਲਵਾੜ ਕਰਕੇ ਸੰਥਿਆਂ ਸੈਂਚੀਆਂ ਨੂੰ ਜੋੜ ਕੇ ਤਿਆਰ ਕੀਤੀ ਇੱਕ ਜਿਲਦ ਵਾਲੀ ਬੀੜ ਦਾ ਪ੍ਰਕਾਸ਼ ਕਰਦੇ ਹਨ, ਜਿਸ ਵਿੱਚ ਪਾਠ ਪਦ-ਛੇਦ ਕੀਤਾ ਹੁੰਦਾ ਹੈ (ਭਾਵ ਇੱਕ-ਇੱਕ ਲਫ਼ਜ਼/ਸ਼ਬਦ ਅਲੱਗ-ਅਲੱਗ ਕੱਟਿਆ ਗਿਆ ਹੈ)। ਸ੍ਰੀ ਅਕਾਲ ਤਖਤ ਸਾਹਿਬ, ਬਾਕੀ ਚਾਰੋਂ ਤਖਤ, ਸੱਚਖੰਡ ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਅਤੇ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਪਦ-ਛੇਦ ਵਾਲੀ ਬੀੜ ਪ੍ਰਕਾਸ਼ ਹੋਣ ਦੀ ਸਖ਼ਤ ਮਨਾਹੀ ਹੈ ਅਤੇ ਕੇਵਲ ਲੜੀਦਾਰ (ਜੁੜਵੇਂ-ਅਖੱਰ) ਸਰੂਪ ਦਾ ਪ੍ਰਕਾਸ਼ ਕਰਨ ਦੀ ਹੀ ਆਗਿਆ ਹੈ। ਇਸੇ ਕਾਰਨ ਕਰਕੇ ਗੁਰਸਿੱਖ ਆਪਣੇ ਸਾਰੇ ਸਮਾਗਮ ਲੜੀਦਾਰ ਸਰੂਪ ਨਾਲ ਅਯੋਜਿਤ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰੇ ਦਰਸ਼ਨ ਤਾਂ ਬਾਣੀ ਦਾ ਸੰਪੂਰਨ ਸਹਿਜ ਪਾਠ ਕਰਨ ਨਾਲ ਹੁੰਦੇ ਹਨ। ਇਸ ਲਈ ਗੁਰਸਿੱਖ ਜਿੰਦਗੀ ਵਿੱਚ ਇੱਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਹਿਜ ਪਾਠ ਜ਼ਰੂਰ ਕਰਦੇ ਹਨ। ਹਰ ਰੋਜ਼ ਸਹਿਜ ਪਾਠ ਕਰਨ ਦਾ ਨਿਤਨੇਮ ਬਣਾਉਣ ਵਾਲੇ ਗੁਰਸਿੱਖ ਗੁਰੂ ਸਾਹਿਬ ਜੀ ਦੀਆਂ ਬੇਅੰਤ ਬਖਸ਼ਿਸ਼ਾਂ ਦਾ ਪਾਤਰ ਬਣ ਜਾਂਦੇ ਹਨ। ਗੁਰੂ ਸਾਹਿਬ ਜੀ ਪ੍ਰਤੀ ਪ੍ਰੇਮ ਅਤੇ ਭੈ-ਭਾਵਨੀ ਹੋਰ ਵਧਾਉਣ ਲਈ ਗੁਰਸਿੱਖ ਤਾਬਿਆ ਬੈਠਣ ਤੋਂ

ਪਹਿਲਾਂ ਜੇ ਜੰਗਲ-ਪਾਣੀ ਜਾਣਾ ਪਿਆ (ਭਾਵ potty ਕੀਤਾ) ਹੈ ਤਾਂ ਦੁਬਾਰਾ ਕੇਸੀਂ ਇਸ਼ਨਾਨ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ-ਜੋ ਉਪਦੇਸ਼ ਹਨ, ਉਹ ਸਤਿਗੁਰੂ ਜੀ ਦੇ ਬਚਨ ਹਨ ਅਤੇ ਉਨ੍ਹਾਂ ਨੂੰ ਕਮਾਉਣਾ ਹੀ ਗੁਰਸਿੱਖ ਆਪਣਾ ਪਰਮ ਧਰਮ ਸਮਝਦੇ ਹਨ। ਇਸਲਈ ਗੁਰਸਿੱਖ ਸਹਿਜ ਪਾਠ ਕਰਕੇ ਗੁਰਬਾਣੀ ਤੋਂ ਸੋਝੀ ਲੈ ਕੇ ਆਪਣੇ ਜੀਵਨ ਨੂੰ ਢਾਲਦੇ ਹਨ ਅਤੇ ਜੀਵਨ ਸਫਲਾ ਕਰਦੇ ਹਨ। ਸਹਿਜ ਪਾਠ ਜਾਂ ਅਖੰਡ ਪਾਠ ਕਰਨ ਜਾਂ ਕਰਾਉਣ ਵੇਲੇ ਗੁਰਸਿੱਖ ਸ੍ਰੀ ਅਨੰਦੁ ਸਾਹਿਬ (ਪਹਿਲੀਆਂ ਪੰਜ ਪਉੜੀਆਂ ਅਤੇ ਅੰਤਲੀ ਇਕ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਂਦੇ ਹਨ।

**ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥੧॥ ਰਹਾਉ ॥**

(ਰਾਗੁ ਬਸੰਤੁ ਮ:੧, ਅੰਗ ੧੧੭੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਦਿ (ਸ਼ੁਰੂਆਤ) ਦੇ ੧੮ ਪੰਨਿਆਂ ਵਿੱਚ ਟਾਈਟਲ ਪੇਜ (title page) ਅਤੇ ਤਤਕਰਾ (index) ਲਿਖਿਆ ਹੁੰਦਾ ਹੈ, ਪਰ ਸਾਰੇ ਸੂਝਵਾਨ ਗੁਰਸਿੱਖਾਂ ਨੂੰ ਪਤਾ ਹੁੰਦਾ ਹੈ ਕਿ ਇਹ ਧੁਰ ਕੀ ਬਾਣੀ ਦਾ ਹਿੱਸਾ ਨਹੀਂ ਹਨ ਅਤੇ ਉੱਥੋਂ ਪਾਠ ਅਰੰਭ ਨਹੀਂ ਕਰਦੇ। ਇਸੇ ਤਰ੍ਹਾਂ ਅੰਤ ਵਿੱਚ 'ਮੁੰਦਾਵਣੀ' ਦੀ ਬਾਣੀ, ਜਿਸਦਾ ਅਰਥ ਮੁਹਰ-ਛਾਪ ਹੈ, ਤੋਂ ਬਾਅਦ ਅੰਤਕਾ (appendix) ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਭੋਗ ਵੇਲੇ ਪੜ੍ਹਣ ਦੀ ਲੋੜ ਨਹੀਂ ਹੁੰਦੀ। ਬਹੁਤ ਸਾਰੀਆਂ ਬੀੜਾਂ ਵਿੱਚ ਅੰਤਕਾ (appendix) ਵਿੱਚ 'ਸਿਆਹੀ ਕੀ ਬਿਧੀ' (ਭਾਵ ਬੀੜ ਸਾਹਿਬ ਵਿੱਚ ਵਰਤੀ ਹੋਈ ਸਿਆਹੀ ਦਾ ਤਿਆਰ ਕਰਨ ਦਾ ਤਰੀਕਾ), 'ਰਾਗ ਮਾਲਾ' (ਭਾਵ ਹਿੰਦੁਸਤਾਨੀ ਰਾਗਾਂ ਦੀ ਇੱਕ ਸੂਚੀ) ਅਤੇ ਹੋਰ ਰਚਨਾਵਾਂ ਦਰਜ਼ ਕੀਤੀਆਂ ਮਿਲਦੀਆਂ ਹਨ। ਇਸ ਹੀ ਕਰਕੇ ਸੂਝਵਾਨ ਗੁਰਸਿੱਖ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਰਾਤਨ ਆਦੇਸ਼ ਅਤੇ ਮਰਯਾਦਾ ਅਨੁਸਾਰ ਪਹਿਲੇ ੧੮ ਪੰਨੇ ਛੱਡ ਕੇ ਸ੍ਰੀ ਜਪੁ ਜੀ ਸਾਹਿਬ ਤੋਂ ਪਾਠ ਦੀ ਆਰੰਭਤਾ ਕਰਕੇ, ਭੋਗ 'ਮੁੰਦਾਵਣੀ' ਤੇ ਪਾਕੇ, "**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**" ਤੇ ਫ਼ਤਹਿ ਬੁਲਾ ਕੇ, ਸ੍ਰੀ ਅਨੰਦੁ ਸਾਹਿਬ ਦਾ ਪਾਠ ਪੜ੍ਹ ਕੇ ਸ਼ੁਕਰਾਨੇ ਦੀ ਅਰਦਾਸ ਕਰਦੇ ਹਨ।

## ਗੁਰਮਤਿ ਸੁਭਾਅ

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

(ਰਾਗੁ ਆਸਾ ਮ:੧, ਅੰਗ ੪੭੦)

ਅਸਲ ਗੁਰਸਿੱਖਾਂ ਦੀ ਨਿਸ਼ਾਨੀ ਮਿੱਠਾ ਬੋਲਣਾ ਅਤੇ ਨਿਮਰਤਾ ਵਿੱਚ ਰਹਿਣਾ ਹੈ। ਰੱਬੀ ਗੁਣਾਂ ਦੇ ਧਾਰਨੀ ਗੁਰਸਿੱਖ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਨਿਮਰਤਾ ਧਾਰਨ ਕਰਨ

ਲਈ ਗੁਰਸਿੱਖ ਜੂਠੇ ਬਰਤਨਾਂ ਅਤੇ ਜੋੜਿਆਂ ਦੀ ਸੇਵਾ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਨਿਮਰਤਾ ਵਾਲੇ ਗੁਰਸਿੱਖ ਦੇ ਹੀ ਹਿਰਦੇ ਵਿੱਚ ਨਾਮ ਟਿਕਦਾ ਹੈ।

## ਭਗਤੀ

ਅੰਮ੍ਰਿਤ ਛਕ ਕੇ ਜਦੋਂ ਗੁਰਸਿੱਖ ਗੁਰਮੰਤ੍ਰ-ਨਾਮ ਦਾ ਬਾਰ-ਬਾਰ ਜਾਪ (ਅਭਿਆਸ) ਕਰਦੇ ਹਨ ਤਾਂ ਉਨ੍ਹਾਂ ਨੂੰ ਇੱਕ ਅਕਹਿ ਨਾਮ ਰਸ ਪ੍ਰਾਪਤ ਹੁੰਦਾ ਹੈ ਜਿਸ ਦੀ ਬਰਕਤ ਨਾਲ ਹੀ ਜਮਦੂਤਾਂ ਦੀ ਮਾਰ ਤੋਂ ਬਚੀਦਾ ਹੈ। ਪਰ ਜਿਨ੍ਹਾਂ ਅਭਾਗੇ ਜਨਾਂ ਨੂੰ ਨਾਮ ਰਸ ਦੀ ਪ੍ਰਾਪਤੀ ਨਹੀਂ ਹੁੰਦੀ, ਉਨ੍ਹਾਂ ਨੂੰ ਜਮਾਂ ਦੀ ਮਾਰ ਪੈਂਦੀ ਹੈ।

**ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥**

(ਰਾਗੁ ਗੂਜਰੀ ਮ:੪, ਅੰਗ ੪੯੨)

ਗੁਰਸਿੱਖ ਵਾਸਤੇ ਅੰਮ੍ਰਿਤ ਛੱਕਣਾ ਗੁਰਸਿੱਖੀ ਦੇ ਸਕੂਲ ਵਿੱਚ ਦਾਖਲਾ ਲੈਣ ਦੇ ਸਮਾਨ ਹੈ। ਰਹਿਤਵਾਨ ਗੁਰਸਿੱਖ ਅੰਤਲੇ ਸੁਆਸਾਂ ਤੱਕ ਦਰਸਾਈ ਗੁਰੂ ਦੀ ਰਹਿਤ ਵਿੱਚ ਪਰਿਪੱਕ ਰਹਿ ਕੇ ਅਤੇ ਨਾਮ ਦੀ ਅਤੁੱਟ ਕਮਾਈ ਕਰਕੇ ਪਰਮਾਤਮਾ ਵਿੱਚ ਅਭੇਦ ਹੋਣ ਵਾਲੇ ਅਸਲ ਜੀਵਨ ਮਨੋਰਥ ਵਿੱਚ ਸਫਲ ਹੁੰਦੇ ਹਨ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

(ਰਾਗੁ ਆਸਾ ਮ:੧, ਅੰਗ ੪੭੧)